# ਆਤਮਿਕ ਸ਼ਕਤੀ

ਅਸੀਂ ਕਿਸੇ ਚੀਜ਼ ਵੱਲ ਦੇਖਦੇ ਹਾਂ ਤਾਂ ਸਾਡਾ **'ਧਿਆਨ'**, ਉਸ ਵੱਲ ਖਿਚਿਆ ਜਾਂਦਾ ਹੈ ।

ਇਹ 'ਧਿਆਨ' ਮਾਇਕੀ ਮੰਡਲ ਵਿਚ, ਮਨ ਦੀਆਂ ਕਈ ਤੈਹਾਂ ਉਤੇ ਪ੍ਰਵਿਰਤ ਹੁੰਦਾ ਹੈ :-

1. ਦ੍ਰਿਸ਼ਟਮਾਨ ਚੀਜ਼ਾਂ ਵੱਲ,
2. ਆਪਣੇ ਸਰੀਰ ਵੱਲ,
3. ਮਾਨਸਿਕ ਰੁਚੀਆਂ ਵੱਲ,
4. ਦਿਮਾਗੀ ਵਲਵਲਿਆਂ ਵੱਲ,
5. ਸੰਸਕਾਰੀ 'ਰੰਗਤ' ਵੱਲ,
6. ਧਾਰਮਿਕ ਰੁਚੀਆਂ ਵੱਲ ।

ਹਰ ਇਕ ਜੀਵ ਦੇ ਮਨ ਦੀ **'ਰੰਗਤ'**, ਭਿੰਨ-ਭਿੰਨ ਹੁੰਦੀ ਹੈ । ਇਸੇ ਕਾਰਨ ਜਿਹੜੀ ਚੀਜ਼ ਇਕ ਨੂੰ ਚੰਗੀ ਲੱਗਦੀ ਹੈ, ਦੂਜੇ ਨੂੰ ਚੰਗੀ ਨਹੀਂ ਲੱਗਦੀ, ਜਾਂ ਬੁਰੀ ਲੱਗਦੀ ਹੈ ।

ਸਾਡੇ **ਮਨ ਦੀ 'ਰੰਗਤ'**, ਸਾਡੇ ਖਿਆਲਾਂ ਅਤੇ ਕਰਮਾਂ ਦੀ **'ਰੰਗਤ'** ਅਨੁਸਾਰ ਬਣਦੀ ਹੈ । ਜਿਉਂ ਜਿਉਂ ਇਨ੍ਹਾਂ ਖਿਆਲਾਂ ਨੂੰ **ਮੁੜ-ਮੁੜ ਦੁਹਰਾਉਂਦੇ** (Repeat) **ਹਾਂ** ਤਿਉਂ-ਤਿਉਂ ਇਨ੍ਹਾਂ ਖਿਆਲਾਂ ਦਾ **'ਅਸਰ'** ਸਾਡੇ ਅੰਦਰ :-

**ਧਸ**

**ਵਸ**

**ਰਸ**

ਕੇ **ਪ੍ਰਬਲ ਹੁੰਦਾ ਜਾਂਦਾ ਹੈ ।**

**ਇਸੇ ਤਰ੍ਹਾਂ ਸਾਡੇ :-**

**ਖਿਆਲ**

**ਸੋਚਣੀ**

**ਚਿਤਵਨੀ**

**ਰੁਚੀਆਂ**

# Spiritual Power

When we look at something our attention is drawn towards it.

In the materialistic world this attention dwells on the many folds of the mind:-

1. on things that are visible,
2. on our physical self,
3. on mental tendencies,
4. on the emotions of the intellect,
5. on the hue of past lifes,
6. on religious inclinations.

The mental hue of each and every living being is different. This is why, what one persons likes another dislikes or detests.

The 'hue' or colour of our mind is made from the colour mix of our thoughts and actions. The more these thoughts are repeated, the more formidable is the effect of such thoughts which:-

thrust

permeate

seep

into us.

In this way our

thoughts

thinking

recollections

tendencies

ਰੀਝਾਂ
ਸੁਆਦ
ਗਿਆਨ
ਵਲਵਲੇ
ਨਿਸਚੇ
ਭਾਵਨਾਵਾਂ
ਸ਼ਰਧਾ
ਸੁਭਾਉ
ਕਰਮ
ਧਰਮ
ਆਚਾਰ
ਜੀਵਨ ਸੇਧ
ਅੰਤਿਸ਼ਕਰਨ
ਜੀਵਨ
ਭਾਗ

**ਬਣਦੇ ਅਤੇ ਬਦਲਦੇ ਰਹਿੰਦੇ ਹਨ।**

Every thought that passes through our mind, leaves an *indelible trace* amongst the millions of cells of our brain. These traces are un-consciously and constantly accummulating in our *mental computor*, which effect and *shape* our thoughts, conceptions, faith and destiny. Their *sum total* is *manifested* in our *habits, character and personality.*

Everything we do, makes it easier to do the same thing over again. This is because, electric currents *record* all that happened to us-by creating path-ways or *grooves* among the cells of our brain. The more *frequently* our thoughts and actions are repeated, the *deeper and broader the grooves become.*

Every smallest stroke of virtue or vice, *leaves behind* 'never-so-little' *scar on our mind*, good or bad. We may not count our derelictions, but never-the-less they are *being counted in our mental computer.* Down among our nerve-cells and

desires
taste
knowledge
inclinations
sentiments
faith
habit
action
religion
character
aim of life
sub-conscious
life
fortune

keep building and changing.

fibres, the atoms and molecules are *counting it, registering and storing it up*, to be used *against* us, when the next temptation *comes.*

In other words Man is incessantly *weaving his own good or bad world* around himself by his own thoughts and deeds, thus shaping his own fate and destiny.

Thoughts—when concentrated-become tremendous power-which can be developed to un-limited degrees by :-

attention,
repetition,
contemplation,
concentration, and
meditation.

ਜਦ ਅਸੀਂ ਬਾਜ਼ਾਰ ਵਿਚ ਦੀ ਲੰਘਦੇ ਹਾਂ, ਤਾਂ ਸਾਡੀਆਂ ਨਜ਼ਰਾਂ ਦੇ ਸਾਹਮਣੇ ਬੇਅੰਤ ਚੀਜ਼ਾਂ ਅਤੇ ਬੰਦੇ ਆਦਿ ਗੁਜ਼ਰਦੇ ਹਨ। ਸਾਡਾ ਧਿਆਨ ਸਿਰਫ ਉਨ੍ਹਾਂ ਵੱਲ ਖਿਚਿਆ ਜਾਂਦਾ ਹੈ, ਜਿਹੜੀਆਂ ਚੀਜ਼ਾਂ ਨਾਲ ਸਾਡੀ ਜਾਣ-ਪਛਾਣ ਜਾਂ ਦਿਲਚਸਪੀ ਹੋਵੇ। ਹੋਰ ਸਾਰੇ ਦ੍ਰਿਸ਼ ਅਛੋਪਲੇ ਹੀ ਸਾਡੀਆਂ ਨਜ਼ਰਾਂ ਵਿਚੋਂ ਦੀ ਲੰਘ ਜਾਂਦੇ ਹਨ, ਅਤੇ ਉਵੇਂ ਹੀ ਵਿਸਰ ਜਾਂਦੇ ਹਨ।

ਆਪਣੀਆਂ ਰੁਚੀਆਂ ਦੀ ਪੂਰਤੀ ਲਈ, ਅਸੀਂ ਸਿਰਫ਼ ਉਨ੍ਹਾਂ ਖਿਆਲਾਂ ਨੂੰ ਹੀ :-

ਅਹਿਮੀਅਤ ਦਿੰਦੇ ਹਾਂ,
ਮੁੜ-ਮੁੜ ਸੋਚਦੇ ਹਾਂ,
ਦੁਹਰਾਉਂਦੇ ਹਾਂ,
ਪਾਲਦੇ-ਪੋਸਦੇ ਹਾਂ,
ਹਢਾਉਂਦੇ ਹਾਂ,
ਅਭਿਆਸ ਕਰਦੇ ਹਾਂ,
ਅਪਨਾਉਂਦੇ ਹਾਂ, ਅਤੇ
**ਮੂਰਤੀ-ਮਾਨ ਕਰਦੇ ਹਾਂ।**

**ਖ਼ਿਆਲਾਂ ਨੂੰ 'ਮੂਰਤੀ-ਮਾਨ' ਕਰਨ ਲਈ :-**

ਦਿਲਚਸਪੀ
ਇਕਾਗਰਤਾ
ਧਿਆਨ



When we pass by a shopping centre, numerous things and people etc appear before our eyes. Our attention is drawn towards only those things what we are familiar with or those which attract us. All other things seen, pass through our sight without making an impact and are subsequently forgotten.

In the process of giving fulfillment to our inclinations we:-

give importance to
repeatedly think of
recapitulate
nurture
keep using
keep remembering
keep utilising
keep imagining

only those thoughts (that capture our imagination).

To mentally 'picture' or imagine thoughts

interest
one pointedness
attention

ਰੁੱਚੀ
ਲਗਨ
ਦ੍ਰਿੜ੍ਹਤਾ
ਉੱਦਮ
ਮਿਹਨਤ

ਲਾਜ਼ਮੀ ਹੈ। ਪਰ ਇਹਨਾਂ ਮਾਨਸਿਕ ਗੁਣਾਂ ਦੀ **ਤੀਬਰਤਾ, ਲਗਨ ਅਤੇ ਦ੍ਰਿੜ੍ਹਤਾ ਅਨੁਸਾਰ ਹੀ ਨਤੀਜੇ ਨਿਕਲਦੇ ਹਨ।**

ਇਹ ਮਾਨਸਿਕ ਲਗਨ, ਇਕਾਗਰਤਾ ਅਤੇ ਦ੍ਰਿੜ੍ਹਤਾ, ਹਰ ਇਕ ਜੀਵ ਦੇ **ਪਿਛੋਕੜ ਅਤੇ ਭਾਵਨਾਵਾਂ ਅਨੁਸਾਰ, ਅੱਡੋ-ਅੱਡ ਦਰਜੇ ਦੀ ਹੁੰਦੀ ਹੈ।**

ਦੂਜੇ ਲਫ਼ਜ਼ਾਂ ਵਿਚ, ਜਿਤਨੀ **'ਲਗਨ' ਅਤੇ ਦ੍ਰਿੜ੍ਹਤਾ** (Intensity, resolution and single-mindedness) ਨਾਲ ਅਸੀਂ ਕਿਸੇ ਖਿਆਲ ਦਾ **ਇਕਾਗਰ-ਚਿੱਤ ਹੋ ਕੇ ਧਿਆਨ ਅਤੇ ਅਭਿਆਸ ਕਰਾਂਗੇ,** ਉਤਨੀ ਛੇਤੀ ਉਹ ਖਿਆਲ ਸਹੀ ਤੌਰ ਤੇ **ਮੂਰਤੀ-ਮਾਨ ਹੋ ਸਕਦਾ ਹੈ।** ਇਹ **ਮਾਨਸਿਕ ਅਸੂਲ,** ਸਾਡੇ ਜੀਵਨ ਦੇ **ਹਰ ਪੱਖ ਤੇ ਲਾਗੂ ਹੁੰਦੇ ਹਨ** :

ਪੜ੍ਹਾਈ ਵਿੱਚ
ਵਣਜ ਵਿੱਚ
ਨੌਕਰੀ ਵਿੱਚ
ਕਾਰੀਗਿਰੀ ਵਿੱਚ
ਕਲਾਕਾਰੀ ਵਿੱਚ
ਰਾਗ ਵਿਦਿਆ ਵਿੱਚ
ਖੋਜ ਵਿੱਚ
ਸਿਹਤ ਵਿੱਚ
ਸੇਵਾ ਵਿੱਚ
ਧਰਮ ਵਿੱਚ
ਭਜਨ ਵਿੱਚ
ਜੋਗ ਵਿੱਚ
ਪਿਆਰ ਵਿੱਚ।

**ਕਿਸੀ ਇੱਕੋ ਗੱਲ ਦੀ :-**

**ਮੁੜ ਮੁੜ ਖਿਆਲ ਕਰਨ**
**ਦੁਹਰਾਉਣ**



inclination
devotion
perseverance
zeal
effort

is essential. But it is only though such intensity, concentration, and perseverance of these mental virtues that results are obtained.

In other words the intensity, resolution, and single mindedness with which we focus our mind and pay heed and work upon some thought that we will be able to mentally picture or imagine the thought in its true sense. This mental law or principle is applicable to practically every facet of our life (as in our):

in studies
in business
in being employed
in skillfulness
in fine arts
in music
in research
in literature
in service
in religion
in worship
in yoga
in love.

By

repeatedly recollecting
recaptulating

ਚਿਤਵਨ

ਅਭਿਆਸ

ਕਰਨ ਨਾਲ ਉਸ 'ਖਿਆਲ' ਵਿਚ 'ਸ਼ਕਤੀ' ਪੈਦਾ ਹੋ ਜਾਂਦੀ ਹੈ। ਜਿਤਨੀ ਜ਼ਿਆਦਾ ਕਿਸੇ ਗੱਲ ਵਿਚ ਸਾਡੀ :-

ਦਿਲਚਸਪੀ

ਤੀਬਰਤਾ

ਇਕਾਗਰਤਾ

ਧਿਆਨ

ਅਭਿਆਸ

ਹੋਵੇਗਾ, ਉਤਨੀ ਹੀ ਉਹ ਅਤਿਅੰਤ ਤਾਕਤਵਰ ਹੁੰਦੀ ਜਾਵੇਗੀ, ਅਤੇ ਸਾਡੇ ਮਨ ਦੀਆਂ ਡੂੰਘਿਆਈਆਂ ਵਿਚ ਧੱਸਦੀ ਹੋਈ ਅੰਤਿਸ਼ਕਰਨ (Sub-conscious mind) ਵਿਚ ਉਤਰ ਜਾਵੇਗੀ, ਅਤੇ ਅਸੀਂ ਉਸੇ 'ਖਿਆਲ' ਵਿਚ ਕਰਮ-ਬੱਧ ਹੋ ਜਾਵਾਂਗੇ। ਇਸ ਹਾਲਤ ਵਿਚ ਜੇ ਅਸੀਂ ਉਸ ਖਿਆਲ ਤੋਂ 'ਤੰਗ' ਵੀ ਹੋ ਜਾਈਏ, ਅਤੇ ਦੁੱਖੀ ਹੋ ਕੇ ਛੱਡਣਾ ਵੀ ਚਾਹੀਏ, ਤਾਂ ਵੀ ਉਸ ਭਿਆਨਕ-ਰੂਪ 'ਖਿਆਲ' ਤੋਂ 'ਖਹਿੜਾ' ਨਹੀਂ ਛੁੜਾ ਸਕਦੇ, ਕਿਉਂਕਿ ਉਹ ਸਾਡੇ ਮਨ ਦੀ 'ਰੰਗਤ' ਬਣ ਕੇ, ਸਾਡੇ ਅੰਤਿਸ਼ਕਰਨ ਵਿਚ ਧੱਸ, ਵਸ ਅਤੇ ਰਸ ਜਾਂਦੀ ਹੈ।

ਸਾਡੀ 'ਸਮੁੱਚੀ ਰੰਗਤ' ਅਨੁਸਾਰ ਹੀ ਸਾਡੇ ਮਨ ਦੀ :-

ਨਿਰਣਾ ਸ਼ਕਤੀ

ਕਸੌਟੀ

ਚੁਣੌਤੀ

ਜੀਵਨ-ਸੇਧ ਤੇ

ਅੰਤਿਸ਼-ਕਰਨ

ਬਣਦੀ ਰਹਿੰਦੀ ਹੈ :

ਏਸ ਆਪੂੰ-ਬਣਾਈ 'ਕਸਵੱਟੀ' ਯਾ ਅੰਤਿਸ਼ਕਰਨ ਅਨੁਸਾਰ ਬਾਹਰਲੇ ਵਾਤਾਵਰਣ ਅਤੇ ਅੰਦਰਲੀ ਹਵਾੜ ਦਾ ਅਸੀਂ ਅਸਰ ਲੈਂਦੇ ਹਾਂ। ਏਸੇ ਅਸਰ ਅਨੁਸਾਰ ਸਾਡੀ 'ਜੀਵਨ ਸੇਧ' ਬਣਦੀ ਹੈ।

ਇਸ ਤਰ੍ਹਾਂ ਸਾਡੇ ਅੰਤਿਸ਼ਕਰਨ ਵਿਚੋਂ ਜੋ 'ਹਵਾੜ' ਯਾ 'ਰੰਗਤ' ਨਿਕਲਦੀ ਹੈ, ਉਸ ਨੂੰ 'ਆਚਾਰ' ਕਿਹਾ ਜਾਂਦਾ ਹੈ, ਜੋ ਸਾਡੇ ਆਪਣੇ ਹੀ ਖਿਆਲਾਂ, ਧਿਆਨ, ਰੁਚੀਆਂ, ਆਦਤਾਂ, ਕਰਮਾਂ ਦੇ ਅਭਿਆਸ ਦਾ ਸਮੁੱਚਾ ਨਤੀਜਾ ਹੈ।



thinking

practicing

power takes root in the thought (that is in our mind). The greater our

interest

intensity

concentration

attention

practice

in some thing, to that extent the thought (in that thing) will gain enormous power and thrusting into the depth of our mind, it will seep into the sub-conscious mind and we will be controlled by that thought. In this condition even if, we become tired or exasperated by that thought, and in our misery we wish to let go of it, we will not be able to free ourselves of the diabolical 'thought' because it has become the very 'colour' of our mind by thrusting, permeating and seeping into our sub-consciousness. According to the overall colouring or disposition of the mind our

power to discern

ability to test

ability to challenge or contest

ability to set the aim of life and

sub-consciousness

keeps forming.

According to our self created' touch-stone' or sub-consciousness we keep being influenced by the external environment and the internal steam. According to this influence our 'direction of life is set'.

In the say way the 'steam' or its colour that appears out of our sub-consciousness, is called 'character' This is the over all result of our thoughts, attention, inclinations, habits and the practice of deeds.

ਏਸੇ ਅੰਤਿਸ਼ਕਰਨ ਦੀ 'ਰੰਗਤ' ਅਨੁਸਾਰ ਹੀ ਸਾਡਾ ਮਨ, ਹਰ ਇਕ ਗੱਲ ਦਾ :-

ਨਿਰਣਾ
ਚੁਣੌਤੀ
ਫ਼ੈਸਲਾ,
ਚਿਤਵਨੀ,
ਵਲ-ਵਲੇ
ਕਰਮ
ਧਰਮ

ਕਰਦਾ ਤੇ ਨਤੀਜੇ ਭੁਗਤਦਾ ਹੈ ।

ਏਸੇ ਤਰ੍ਹਾਂ **ਆਪੋ-ਆਪਣੀ** 'ਕਸਵੱਟੀ' ਅਨੁਸਾਰ ਹੀ ਅਸੀਂ ਕਿਸੇ ਗੱਲ ਨੂੰ **ਪਰਖਦੇ ਹੋਏ**, ਚੰਗਾ ਮਾੜਾ ਕਹਿੰਦੇ ਹਾਂ ।

ਉਸ ਵਿਚ ਸਾਡੀ :-

ਦਿਲਚਸਪੀ
ਧਿਆਨ
ਤੀਬਰਤਾ
ਰੁਚੀ ਜਾਂ
ਬੇਪਰਵਾਹੀ
ਘਿਰਣਾ

**ਪ੍ਰਗਟ ਹੁੰਦੀ ਹੈ ।**

ਹਰ ਇਕ ਮਨ ਦੀ '**ਨਿਰਣਾ ਸ਼ਕਤੀ**' ਅੱਡ-ਅੱਡ ਹੋਣ ਕਾਰਨ, ਉਨ੍ਹਾਂ ਦੀ **ਚੁਣੌਤੀ ਤੇ ਵਰਤਾਉ ਵੀ ਭਿੰਨ-ਭਿੰਨ ਹੋਣਾ ਲਾਜ਼ਮੀ ਹੈ ।**

ਇਹ ਅਸੂਲ ਸਾਡੇ ਮਾਇਕੀ ਅਤੇ ਮਾਨਸਿਕ ਜੀਵਨ ਦੇ ਹਰ ਪੱਖ ਵਿੱਚ ਲਾਗੂ ਹਨ ।

ਸਾਡੇ **"ਧਿਆਨ ਦੀ ਇਕਾਗਰਤਾ"** ਸਾਡੀ ਦਿਲਚਸਪੀ ਅਤੇ '**ਤੀਬਰ ਲਗਨ**' **ਉਤੇ ਨਿਰਭਰ ਹੈ ।**

ਸਾਡੀ ਦਿਲਚਸਪੀ ਯਾ '**ਭਾਵਨਾ**' ਮਨ ਦੀ '**ਰੰਗਤ**' **ਅਨੁਸਾਰ ਹੁੰਦੀ ਹੈ ।**

ਸਾਡੇ ਮਨ ਦੀ '**ਰੰਗਤ**' **ਜਾਂ ਸੁਭਾਉ**-ਕਿਸੇ ਖ਼ਾਸ ਖਿਆਲ ਦੇ **ਰੱਟਨ ਯਾ ਮੁੜ ਮੁੜ ਦੁਹਰਾਉਣ ਦਾ 'ਸਮੁੱਚਾ ਨਤੀਜਾ' ਹੈ ।**

According to the colour-tint of the sub-conscious, our mind initiates the

discernment
challenges
decisions
recollections
aspirations
action
discipline

and faces the consequences.

In this way scrutinising some thing with our 'touch-stone', we tend to label
that as good or bad.

In doing so our

interest
attention
keenness
tendency
disinterestedness
hatred

becomes apparent.

As the discerning power of each and every mind differs, the challenges (the mind faces) and its behaviour too is bound to be different.

This principle operates in every facet of our worldly and mental life.

The 'focus of our attention' depends upon the keenness and the intensity of devotion (behind the attention).

Our enthusiasm or 'strength of belief' depends upon the colour of our mind.

The 'colour' or behaviour of our mind is the overall result of the reinforcement or constant repetition of some specific thought.

ਸਾਡੇ ਖਿਆਲਾਂ ਦੀ **'ਰੰਗਤ' ਬਾਹਰਲੇ ਵਾਤਾਵਰਣ** ਅਤੇ **ਅੰਦਰਲੇ ਅੰਤਿਸ਼-ਕਰਨ** ਦੀ **'ਹਵਾੜ' ਤੋਂ ਉਪਜਦੀ ਹੈ।**

ਬਾਹਰਲੇ ਵਾਤਾਵਰਣ ਦਾ ਸਾਡੇ ਮਨ ਉਤੇ ਅਸਰ :-

1. ਸਖਸ਼ੀ–ਸੰਗਤ
2. ਕਿਤਾਬੀ ਸੰਗਤ
3. ਮਨੋਰੰਜਨ (ਸਿਨਮਾ- T.V. ਆਦਿ)
4. ਅੰਤਿਸ਼ਕਰਨ ਦੀ ਰੰਗਤ

**ਉੱਤੇ ਨਿਰਭਰ ਹੈ।**

ਨੀਵੀਂ ਸੰਗਤ, ਅਥਵਾ, **'ਕੁਸੰਗਤ'** ਦੇ ਅਸਰ ਹੇਠ, **ਨੀਵੀਆਂ ਰੁਚੀਆਂ ਉਪਜਦੀਆਂ ਹਨ**, ਅਤੇ **ਸੁਰਤੀ ਵਿਸ਼ਿਆਂ-ਵਿਕਾਰਾਂ ਵੱਲ ਦੌੜਦੀ ਹੈ।** ਸਾਡਾ ਧਿਆਨ ਜਾਂ **ਸੁਰਤੀ ਖਿੰਡ-ਪੁੰਡ ਕੇ 'ਨਿਰਬਲ' ਹੋ ਜਾਂਦੀ ਹੈ।** ਏਸੇ ਕਾਰਨ ਸਾਡਾ ਧਿਆਨ ਕਿਸੇ **ਇਕ ਨੁਕਤੇ ਉਤੇ ਨਹੀਂ ਟਿੱਕਦਾ।**

ਆਮ ਜਨਤਾ ਅਤੇ ਜਗਿਆਸੂਆਂ ਦੀ ਇਹ ਆਮ **ਸ਼ਿਕਾਇਤ ਹੁੰਦੀ ਹੈ,** ਕਿ ਪਾਠ ਕਰਦਿਆਂ ਜਾਂ ਸਿਮਰਨ ਕਰਦਿਆਂ ਹੋਇਆਂ **ਮਨ ਨਹੀਂ ਟਿੱਕਦਾ,** ਦੌੜਦਾ ਰਹਿੰਦਾ ਹੈ।

ਜੇ ਸਾਡਾ ਧਿਆਨ ਕਿਸੇ **ਗਲਤ ਨੁਕਤੇ** ਤੇ **ਇਕਾਗਰ ਹੋ ਵੀ ਜਾਵੇ**, ਤਾਂ ਉਹ **'ਨਿਸ਼ਚਾ'** (conviction) **ਬਣ ਜਾਂਦਾ ਹੈ**, ਜਿਸ ਦੇ **ਬੜੇ ਭਿਆਨਕ ਨਤੀਜੇ ਨਿਕਲਦੇ ਹਨ।**

ਏਥੇ 'ਹਿਟਲਰ' **(HITLER)** ਵਰਗੇ ਵਿਅਕਤੀਆਂ ਦਾ ਉਦਾਹਰਣ ਦਿੱਤਾ ਜਾ ਸਕਦਾ ਹੈ, ਜਿਨ੍ਹਾਂ ਦੇ ਗਲਤ ਨਿਸ਼ਚਿਆਂ ਦੀ **ਤੀਬਰਤਾ ਦੁਆਰਾ**, ਬੇਅੰਤ ਅਸਹਿ ਤੇ ਅਕਹਿ ਜ਼ੁਲਮ ਹੋਏ ਹਨ, ਅਤੇ ਹੋ ਰਹੇ ਹਨ।

ਇਸ ਲਈ **'ਸੰਗਤ' ਅਨੁਸਾਰ ਹੀ** ਅਸੀਂ 'ਚੰਗਾ' ਯਾ 'ਮਾੜਾ' **ਅਸਰ ਲੈਂਦੇ ਹਾਂ**, ਅਤੇ ਮਨ ਦੇ :-

ਖਿਆਲ
ਵਲਵਲੇ
ਧਿਆਨ
ਰੁਚੀਆਂ
ਰੰਗਤ
ਦਿਲਚਸਪੀ

The 'hue or colour' of our thoughts arises from the steam of the external environment and internal sub consciousness.

The effect of the outside environment on our mind depends upon:-

1. The company of individuals
2. The company of books
3. (the nature of) entertainment (cinema, T.V. etc.)
4. The hue or colour of the sub conscious.

Under the influence of base (low ) company, or 'negative company', base inclinations arise and the mind runs towards sin and evil deeds. Our attention or consciousness gets scattered and becomes powerless. This is the reason why we cannot focus our attention on any one point.

Ordinary people and seekers have this common complaint that while doing paath and simran their mind cannot remain still, it keeps running.

If our attention gets focused on some wrong point, then that 'thinking' becomes a conviction and (such a conviction) can bring about disasterous consequences.

Here the example of individuals like Hitler, whose focus on wrong convictions have caused unbearable and unspeakable cruelty, and which are still taking place, can be given.

Hence it is through the company (that we keep) that we imbibe positive or negative influence which then gives rise to

thoughts
emotions
attention
inclinations
colour
enthusiasm

ਇਕਾਗਰਤਾ

**ਸ਼ਕਤੀ**

ਬਣਦੀ ਹੈ :-

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲਿ ਖਾਇ ॥" (ਪੰਨਾ—1369)

**ਏਥੇ** ਇੱਕ ਹੋਰ ਉਦਾਹਰਣ ਵੀ ਢੁੱਕਦਾ ਹੈ :

ਅਫ਼ੀਮ ਦੇ ਅਮਲੀ ਦੀ ਸੰਗਤ ਕਰਦਿਆਂ ਹੋਇਆਂ ਜੇ ਕੋਈ ਕਦੇ ਕਦੇ ਅਫ਼ੀਮ ਖਾਂਦਾ ਰਹੇ, ਤਾਂ ਸਹਿਜੇ ਸਹਿਜੇ ਉਸ ਦੀ **ਆਦਤ ਬਣ ਜਾਂਦੀ ਹੈ**, ਤੇ ਉਹ ਵੀ **'ਅਮਲੀ'** ਬਣ ਜਾਂਦਾ ਹੈ, ਅਤੇ ਕੁਝ ਸਮਾਂ ਪਾ ਕੇ **ਅਫ਼ੀਮ ਦਾ ਅਸਰ ਉਸ ਦੇ ਰਗੋ-ਰੇਸ਼ੇ ਵਿੱਚ ਇਤਨਾਂ ਡੂੰਘਾ ਉਤਰ ਜਾਂਦਾ ਹੈ ਕਿ ਸਮੁੱਚੇ ਤੌਰ ਤੇ ਉਹ ਅਫ਼ੀਮ ਦਾ ਹੀ 'ਰੂਪ' ਬਣ ਜਾਂਦਾ ਹੈ।** ਉਸ ਦੇ ਜੀਵਨ **ਦੇ ਹਰ ਇੱਕ ਪੱਖ**, ਯਾਨੀ ਖਿਆਲ, ਬੋਲ, ਤੱਕਣੀ, ਸੋਚਣੀ, ਵਿਵਹਾਰ, ਵਰਤਾਵੇ ਵਿੱਚ, **ਅਫ਼ੀਮ ਦੀ ਹੀ 'ਝਲਕ' ਮਾਰਦੀ ਹੈ।** ਅਤੇ ਉਸ ਦੀ **'ਸਖਸ਼ੀਅਤ'** ਉੱਤੇ **ਅਫ਼ੀਮ ਦੀ ਛਾਪ ਲਗ ਜਾਂਦੀ ਹੈ।** ਉਹ **ਅਫ਼ੀਮ ਦਾ ਹੀ 'ਰੂਪ'** (opium personified) **ਹੋ ਜਾਂਦਾ ਹੈ।** ਇਸ ਹਾਲਤ ਵਿੱਚ ਉਹ ਅਫ਼ੀਮ ਦੇ **ਔਗੁਣਾਂ ਤੋਂ ਜਾਣੂ ਹੁੰਦਿਆਂ ਹੋਇਆਂ ਵੀ**, ਇਸ ਦੀ **ਗ਼ੁਲਾਮੀ ਤੋਂ ਛੁਟਕਾਰਾ ਨਹੀਂ ਪਾ ਸਕਦਾ**। ਏਹੋ **'ਹਸ਼ਰ'** ਸ਼ਰਾਬੀਆਂ ਦਾ ਹੁੰਦਾ ਹੈ।

ਇਹਨਾਂ ਉਦਾਹਰਣਾਂ ਤੋਂ ਸਪੱਸ਼ਟ ਹੈ ਕਿ **ਕੁਸੰਗਤ ਕਰਦਿਆਂ ਹੋਇਆਂ** ਕਿਸੇ **ਖ਼ਾਸ 'ਰੁਚੀ' ਨੂੰ ਮੁੜ ਮੁੜ ਦੁਹਰਾਉਣ** (repeat) ਕਰਨ ਨਾਲ, ਉਸ **ਰੁਚੀ ਵਾਲੇ ਖਿਆਲ**, ਅਤੇ ਧਿਆਨ **'ਪੱਕਦੇ'** ਹੋਏ **'ਪ੍ਰਬਲ' ਹੋ ਜਾਂਦੇ** ਹਨ, ਜਿਸ ਦੀ **ਗ਼ੁਲਾਮੀ ਤੋਂ ਛੁਟਕਾਰਾ ਅਤਿਅੰਤ ਕਠਿਨ ਹੈ।**

ਉਪਰਲੇ ਵਿਚਾਰਾਂ ਤੋਂ ਸਿੱਧ ਹੁੰਦਾ ਹੈ ਕਿ ਸਾਡੇ **ਚੰਗੇ ਜਾਂ ਮਾੜੇ ਜੀਵਨ ਦਾ 'ਮੁੱਢਲਾ ਕਾਰਨ'** (root-cause) ਸਾਡੀ **'ਸੰਗਤ' ਹੀ ਹੈ।**

**ਅੰਤਿਸ਼ਕਰਨ ਵਿਚ** ਵਸੀਆਂ, ਰਸੀਆਂ, **'ਰੁਚੀਆਂ ਯਾ ਰੰਗਤ'** ਤਾਂ ਛੇਤੀ **ਨਹੀਂ ਬਦਲੀਆਂ ਜਾ ਸਕਦੀਆਂ**, ਕਿਉਂਕਿ ਇਹ 'ਰੰਗਤ' ਯਾ **'ਹਵਾੜ'** ਸਹਿਜ-ਸੁਭਾਇ, ਆਪ-ਮੁਹਾਰੇ ਹੀ, ਆਪਣੀ **'ਝਲਕ' ਯਾ 'ਬਦਬੂ' ਦਾ ਪ੍ਰਗਟਾਵਾ ਕਰੀ ਜਾਂਦੀ ਹੈ**, ਪਰ ਏਸ ਜੀਵਨ ਦੇ **ਨੀਵੇਂ ਬਾਹਰਲੇ ਅਸਰਾਂ ਤੋਂ ਬੱਚਣ ਦਾ ਉਪਰਾਲਾ ਹੋ ਸਕਦਾ ਹੈ।**

ਇਸ ਲਈ ਜੇਕਰ, ਅਸੀਂ ਆਪਣਾ ਜੀਵਨ **ਚੰਗੇਰਾ, ਉਚੇਰਾ, ਸੁਹਣੇਰਾ, ਦੈਵੀ** ਅਤੇ **ਸੁਖਦਾਈ** ਬਣਾਉਣਾ ਚਾਹੁੰਦੇ ਹਾਂ ਤਾਂ ਪਹਿਲਾਂ :

1. ਮਾੜੀ ਯਾ **ਨੀਵੀਂ ਕੁਸੰਗਤ ਛੱਡਣੀ ਪਵੇਗੀ।**



concentration

power.

Kabeer, the mind has become a bird; it soars and flies in the ten directions.
According to the company it keeps, so are the fruits it eats. 1369

Another example that is apt here:-

If someone keeps the company of an opium addict and he occasionally takes opium, over a period of time it becomes a habit and he too becomes an 'addict'. After some time the effect of opium gets so deeply entrenched in his system that he literally becomes an 'embodiment' of opium. In every aspect of his life – in his thought, speech, looks, thinking, dealings, interactions, the 'flash' of opium exhibits itself. The stamp of opium gets stamped on his individuality. He becomes 'opium personified'! In this state, knowing the harmful effect of opium, he still cannot get rid of the slavery of opium. The same is true of alcoholics.

It is clear from these examples that under the influence of negative company, by repeatedly indulging on some special tendency, the thoughts and attention related to that tendency will become more powerful as they 'mature'. It is very very difficult to free oneself of its slavery.

From the above thought process it is clear that the 'root cause' of a good or bad life is indeed our 'company'.

The 'tendencies or colour' that has permeated and seeped into the sub-conscious cannot be easily changed because this 'colour' or 'steam' spontaneously keeps manifesting its 'flash' or 'stench'. However, there is a way to save this life from the base external influences.

So if we want to make our life good, sublime, beautiful, virtuous and peaceful then firstly we:-

1. have to give up the base –negative company.

2. ਨੀਵੀਆਂ ਭਾਵਨਾਵਾਂ ਵਾਲੀਆਂ **ਕਿਤਾਬਾਂ ਤੋਂ ਪਰਹੇਜ਼ ਕਰਨਾ ਪਵੇਗਾ** ।

3. **ਨੀਵੇਂ ਮਨੋਰੰਜਨ**, ਸਿਨੇਮਾਂ, ਟੀ.ਵੀ. ਆਦਿ ਤੋਂ ਬੱਚਣਾ ਪਵੇਗਾ ।

4. ਨੀਵੇਂ ਖਿਆਲਾਂ ਨੂੰ **ਉਸੇ ਵੇਲੇ** ਤਿਆਗਣਾ **ਅਤੇ ਭੁਲਾਉਣਾ ਚਾਹੀਦਾ** ।, ਵਰਨਾ ਉਨ੍ਹਾਂ ਵੱਲ ਧਿਆਨ ਦੇਣ ਨਾਲ ਉਹ **'ਪ੍ਰਬਲ' ਹੋ ਜਾਂਦੇ ਹਨ ।**

ਇਸ ਦੇ ਉਲਟ :-

1. ਗੁਰਮੁਖ ਪਿਆਰਿਆਂ, **ਮਹਾਂ-ਪੁਰਖ਼ਾਂ ਦੀ ਸੰਗਤ,**
2. ਗੁਰਬਾਣੀ ਦਾ ਪਾਠ, ਕੀਰਤਨ ਅਤੇ ਭਾਵੁਕ ਅਰਥਾਂ ਦੀ **ਵਿਚਾਰ,**
3. ਬਖ਼ਸ਼ੇ ਹੋਏ ਗੁਰਮੁਖਾਂ ਦੀਆਂ ਲੇਖਣੀਆਂ ਪੜ੍ਹਨੀਆਂ,
4. 'ਸਾਧ-ਸੰਗਤ' ਦੇ ਸਮਾਗਮਾਂ ਵਿਚ **ਲਾਹਾ ਲੈਣਾ,**
5. 'ਨਾਮ ਸਿਮਰਨ',

ਰਨ ਦੀ **ਅਤਿਅੰਤ ਲੋੜ ਹੈ**, ਅਤੇ **ਤਾਕੀਦੀ ਹੁਕਮ ਹੈ ।**

ਇਹਨਾਂ ਸਾਧਨਾਂ ਨਾਲ, ਜਿਉਂ ਜਿਉਂ ਅਸੀਂ **ਉਚੇਰੀ ਆਤਮਿਕ ਸੰਗਤ ਕਰਾਂਗੇ** ਉਂ ਤਿਉਂ ਸਾਡੇ :-

1. ਖਿਆਲਾਂ ਦੀ **ਰੰਗਤ ਬਦਲਦੀ ਜਾਵੇਗੀ,**
2. ਮਨ **ਨਿਰਮਲ** ਹੁੰਦਾ ਜਾਵੇਗਾ,
3. ਮਨ ਦੀ ਸੁਰਤੀ **ਇਕਾਗਰ** ਹੋਵੇਗੀ,
4. 'ਧਿਆਨ' **ਟਿੱਕਦਾ** ਜਾਵੇਗਾ,
5. 'ਰੁਚੀਆਂ' **ਬਦਲਦੀਆਂ** ਜਾਣਗੀਆਂ,
6. ਨਿਰਨਾ-ਸ਼ਕਤੀ **ਨਿਰਮਲ** ਹੁੰਦੀ ਜਾਵੇਗੀ,
7. ਮਨ ਦੀ ਕਸਵੱਟੀ **ਉਚੇਰੀ** ਹੋ ਜਾਵੇਗੀ,
8. 'ਚੁਣੌਤੀ' ਵੀ **ਸਹੀ** ਹੋ ਜਾਵੇਗੀ,
9. ਉਚੇਰੀ **ਜੀਵਨ-ਸੇਧ** ਮਿਲੇਗੀ,
10. **'ਵਿਵੇਕ-ਬੁੱਧੀ' ਪ੍ਰਕਾਸ਼ਤ** ਹੋਵੇਗੀ,
11. ਮਨ ਨੀਵਿਆਂ ਮਾਨਸਿਕ ਰੁਝੇਵਿਆਂ ਤੋਂ **ਉਤਾਂਹ ਉੱਠਦਾ ਜਾਵੇਗਾ,**
12. **'ਅਨੁਭਵ ਪ੍ਰਕਾਸ਼'** ਹੋ ਜਾਵੇਗਾ,
13. **'ਸ਼ਬਦ' ਦੀ ਸੋਝੀ** ਆਵੇਗੀ,
14. **'ਹੁਕਮ' ਬੁੱਝਿਆ** ਜਾਵੇਗਾ,
15. **ਨਾਮ ਸਿਮਰਨ ਦ੍ਰਿੜ੍ਹ** ਹੋ ਜਾਵੇਗਾ ।



2. keep away from books which pander to sensual desires.
3. have to protect ourselves from the sensual entertainment, cinema T.V. etc.
4. Get rid and forget the sensual or lowly thoughts at once for if attention is placed on them, they will become even more powerful.

Opposed to this is the urgent need and mandatory command to:-

1. keep the company of beloved gurmukhs (those who heed Guru's counsel without question), spiritally evolved souls.
2. doing Gurbani paath, kirtan and contemplating on its the intrinsic meaning.
3. Reading the writings of blessed gurmukhs.
4. Derive benefit by attending 'holy congregations'.
5. 'Naam simran'.

Using the above method as we continue to keep the lofty spiritual company :-

1. the colour of our thoughts will change.
2. the mind will become purer.
3. the attention of the mind will become focused.
4. attention will begin to settle
5. tendencies will begin to change.
6. the discerning power will become refined.
7. the 'touch-stone' of the mind will become sublime.
8. the challenges will take on the right proportions.
9. a higher purpose to life will be revealed.
10. The discerning mind will manifest.
11. the mind will rise above low mental routines and chores.
12. intuitional illumination will come into being.
13. The awakening of the 'shabadh' will take place.
14. Hukam or command will be revealed
15. Naam simran will make its presence permanent.

ਆਤਸ਼ੀ ਸ਼ੀਸ਼ੇ (Convex lens) ਦੇ ਟੁਕੜੇ ਉਤੇ ਸੂਰਜ ਦੀਆਂ ਕਿਰਨਾਂ ਪੈ ਕੇ, ਸ਼ੀਸ਼ੇ ਵਿਚ ਦੀ ਲੰਘਦੀਆਂ ਹੋਈਆਂ ਲੱਖਾਂ ਕਿਰਨਾਂ, **ਇਕੱਠੀਆਂ ਅਤੇ ਇਕਾਗਰ** (Condense) ਹੋ ਕੇ, ਇਕ **ਸ਼ਕਤੀਮਾਨ ਗੂੜ੍ਹੀ ਕਿਰਨ ਬਣ ਜਾਂਦੀ ਹੈ।** ਇਸ ਗਾੜ੍ਹੀ ਸ਼ਕਤੀ-ਸ਼ੀਲ ਕਿਰਨ (Condensed ray) ਵਿਚ ਸੂਰਜ ਦੀ **ਗਰਮੀ ਦੀ ਤੀਖ਼ਣਤਾ** (Intensity of heat) ਇਤਨੀ ਵੱਧ ਜਾਂਦੀ ਹੈ, ਕਿ ਉਹ ਕਾਗਜ਼ ਨੂੰ **ਸਾੜ ਦਿੰਦੀ ਹੈ,** ਜਦ ਕਿ ਸਾਧਾਰਣ ਕਿਰਨਾਂ ਦਾ ਕਾਗਜ਼ ਉਤੇ ਕੋਈ ਅਸਰ ਨਹੀਂ ਹੁੰਦਾ।

ਇਹ ਦ੍ਰਿਸ਼ਟਾਂਤ ਸਾਡੇ ਖਿਆਲਾਂ ਦੀਆਂ **ਕਿਰਨਾਂ ਯਾ ਸੁਰਤੀ** ਤੇ ਸਹੀ ਢੁਕਦਾ ਹੈ। ਜਿਉਂ-ਜਿਉਂ ਸਾਡੇ ਧਿਆਨ ਦੀਆਂ ਕਿਰਨਾਂ **ਇਕੱਠੀਆਂ ਅਤੇ ਇਕਾਗਰ ਹੁੰਦੀਆਂ ਜਾਂਦੀਆਂ ਹਨ, ਤਿਉਂ ਤਿਉਂ ਇਹਨਾਂ ਦੀ ਸ਼ਕਤੀ ਵੱਧਦੀ ਜਾਂਦੀ ਹੈ।**

**The more our thoughts are *concentrated* and *condensed*— the more our mind becomes *powerful and dynamic*, with which many psychic phenomena can be performed,**

ਇਹ ਗੱਲ ਆਮ ਮੰਨੀ ਜਾਂਦੀ ਹੈ ਕਿ **ਤੀਬਰ ਸਾੜੇ** (intense jealousy) ਜਾਂ **ਨੀਵੇਂ ਖਿਆਲਾਂ ਦੀ 'ਤੀਬਰਤਾ'** ਦੁਆਰਾ 'ਨਜ਼ਰ' **ਲੱਗ ਜਾਂਦੀ ਹੈ।** ਨੀਵੇਂ ਖਿਆਲਾਂ ਦੇ ਧਿਆਨ ਦੀ **ਇਕਾਗਰਤਾ ਅਤੇ ਅਭਿਆਸ** (concentration and practice) ਤੋਂ **ਉਤਪੰਨ ਹੋਈ ਸ਼ਕਤੀ** ਦੇ **ਪ੍ਰਗਟਾਵੇ** ਨੂੰ **'ਨਜ਼ਰ' ਯਾ 'ਸਰਾਪ' ਆਖਿਆ ਜਾਂਦਾ ਹੈ।**

ਜੇਕਰ **ਨੀਵੇਂ** ਖਿਆਲਾਂ ਵਿਚੋਂ **ਉਪਜੀ ਮਾਨਸਿਕ 'ਧਿਆਨ-ਸ਼ਕਤੀ'** ਦੇ ਕ੍ਰਿਸ਼ਮਿਆਂ ਨੂੰ **ਮੰਨਿਆ ਜਾ ਸਕਦਾ ਹੈ,** ਤਾਂ ਉੱਤਮ **ਦੈਵੀ ਖਿਆਲਾਂ ਦੀ ਇਕਾਗਰਤਾ ਤੋਂ ਉਪਜੇ ਕ੍ਰਿਸ਼ਮੇ.** ਵਰ, ਕਰਾਮਾਤਾਂ, ਰਿਧੀਆਂ-ਸਿੱਧੀਆਂ ਭੀ ਮੰਨੀਆਂ ਜਾ ਸਕਦੀਆਂ ਹਨ; ਕਿਉਂਕਿ ਇਹ ਸਾਰੇ, ਕ੍ਰਿਸ਼ਮੇ **ਸਿਰਫ਼ ਮਨ ਦੀ 'ਇਕਾਗਰਤਾ' ਯਾ ਧਿਆਨ ਦੀ 'ਤੀਖ਼ਣਤਾ' ਦੇ ਹੀ 'ਨਤੀਜੇ'** ਹਨ।

ਇਹ **'ਮਾਨਸਿਕ ਸ਼ਕਤੀ'** (mind power) ਦੀ ਸ਼੍ਰੇਣੀ ਵਿਚ ਹੇਠ ਲਿਖੇ **ਮਾਨਸਿਕ 'ਕਰਤੱਵ'** ਪ੍ਰਚਲਤ ਹਨ :-

ਰਿੱਧੀਆਂ ਸਿੱਧੀਆਂ
ਨਾਟਕ-ਚੇਟਕ
ਤਾਂਤ੍ਰਿਕ ਜਾਦੂ
ਕਰਾਮਾਤਾਂ



The rays of the sun, falling upon a piece of convex lens converge or condense to become a powerful concentrated ray. In this concentrated and condensed ray, the intensity of heat increases to such an extent that it burns through paper whereas the normal ray has no effect on paper.

The waves or rays of our thoughts or consciousness are closely analogous to the example given above. As our thought waves or attention concentrate and condense, to the same degree their power continue to increase.

*The more our thoughts are concentrated and condensed – the more our mind becomes powerful and dynamic, with which many psychic phenomena can be performed.*

It is an accepted phenomena that the evil look that arises out of intense jealousy or the intensity of low thoughts can directly affect people. The manifestation of the power that arises out of the concentration and practice of the attention on low thoughts is called 'nazar' (or evil glance) or a curse.

If the miracles that result from the mental power of attention' of low negative) thoughts can be given credence (or believed) then it follows that miracles (namely) blessings, wondrous feats, the occult power that result from the concentration on lofty and divine thoughts too, can take place because all these miracles are but the result of mind's concentration or the intensity of the attention.

The following 'mental-feats' come under the ambit of mind – power:-

occult powers
magical performances
tantric spells
miracles

ਵਾਕ-ਸਿੱਧੀ
ਭਵਿੱਖ-ਬਾਣੀ
ਅੰਤ੍ਰ-ਆਤਮਾ
ਭੂਤਾਂ ਦਾ ਜਾਦੂ
ਮਦਾਰੀਆਂ ਦੇ ਤਮਾਸ਼ੇ

So called un-common psychic phenomena such as :—

Hypnotism
mesmerism
psychic miracle
black magic
witch power
mind reading
psychic healing
jugglery
auto-suggestions, etc.

prevailing in the world, are the *outcome, exhibition and projection of condensed thoughts and intense feelings-good or bad, and* should be *relegated to the 'mind power'* only. But in our ignorance, we have *extolled* and *excalted* these psychic phenomena, and given them religious and spiritual colours.

ਸਾਡੇ ਖਿਆਲਾਂ ਦੀਆਂ **ਅਤਿ ਸੂਖਮ ਕਿਰਨਾਂ** (vibrations) **ਸਾਰੇ 'ਪੁਲਾੜ'** (ETHER), **ਵਿਚ ਫ਼ੈਲ ਜਾਂਦੀਆਂ ਹਨ**, ਅਤੇ ਉਥੋਂ ਦੇ **'ਵਾਤਾਵਰਨ'** ਅਥਵਾ ਸਮੁੱਚੇ **'ਜਗਤ-ਮਨ'** ਦੇ ਕੰਪਿਊਟਰ (computer) **ਵਿਚ ਸਾਂਭ ਕੇ** (Record) **ਰੱਖੇ ਜਾਂਦੇ ਹਨ।** ਇਹ ਖਿਆਲ ਭਿੰਨ-ਭਿੰਨ ਦਰਜੇ (cycles ਅਤੇ wavelength) ਦੇ ਹੁੰਦੇ ਹਨ—ਅਤੇ ਉਹਨਾਂ **ਖ਼ਾਸ ਦਰਜੇ** cycles and wavelength **ਉਤੇ ਹੀ ਦਰਜ** (record) **ਹੋ ਕੇ-ਜਮ੍ਹਾਂ ਹੋ ਰਹੇ ਹਨ।** ਇਸ ਤਰ੍ਹਾਂ ਇਹ ਭਾਂਤ-ਭਾਂਤ ਦੇ ਅਤਿਅੰਤ ਸੂਖਮ ਖਿਆਲਾਂ ਦਾ **ਸਮੁੱਚਾ ਅਸਰ** (cumulative effect) **'ਰੰਗਤ'** **ਯਾ** 'ਹਵਾੜ' ਸਹਿਜੇ ਸਹਿਜੇ **ਪੁਲਾੜ** (Ether) ਦ **'ਵਾਤਾਵਰਨ'** (environment) **ਉਤੇ ਪੈ ਰਿਹਾ ਹੈ** ਅਤੇ ਉਸਨੂੰ **'ਗੰਧਲਾ' ਕਰ ਰਿਹਾ ਹੈ।**

**ਦੂਜੇ** ਲਫ਼ਜ਼ਾਂ ਵਿਚ, ਸਾਡੇ ਸਾਰਿਆਂ ਦੇ ਖਿਆਲਾਂ ਦਾ **ਚੰਗਾ-ਮਾੜਾ 'ਅਸਰ'**, ਪੁਲਾੜ ਦੇ ਸੂਖਮ (Computer) ਵਿਚ, ਅੱਡੋ-ਅੱਡ ਦਰਜੇ (Cycles and



manifestation of the spoken word
prophecies
mind reading
demonic spells
jugglery

So called un-common psychic phenomena such as :—

Hypnotism
mesmerism
psychic miracle
black magic
witch power
mind reading
psychic healing
jugglery
auto-suggestions, etc.

prevailing in the world, are the *outcome, exhibition and projection of condensed thoughts and intense feelings-good or bad, and* should be *relegated to the 'mind power'* only. But in our ignorance, we have *extolled* and *excalted* these psychic phenomena, and given them religious and spiritual colours.

The subtle vibrations of our thoughts disperse into the entire ether and the details are recorded in the environment or in the 'computer of world mind'. These thoughts are of different cycles and wavelengths and they get recorded and deposited on those specific cycles and wavelengths having the same characteristics. The cumulative effect of these extremely subtle thoughts, the colour, or the odour little by little affects the environment of ether and makes it cloudy (or murky).

In other words the effect of all our good or bad thoughts from

wavelength) ਉਤੇ, ਖਿਨ-ਖਿਨ, ਪਲ-ਪਲ 'ਜਮ੍ਹਾਂ' ਹੁੰਦਾ ਰਹਿੰਦਾ ਹੈ ਅਤੇ ਸ਼ਕਤੀ-ਮਾਨ (Powerful) ਹੋ ਕੇ, ਸਮੁੱਚੇ 'ਸੰਸਾਰੀ-ਵਾਤਾਵਰਨ' ਰਾਹੀਂ, ਉਹਨਾਂ ਹੀ Cycles and wavelength ਵਾਲੇ ਮਨਾਂ ਉਤੇ, ਚੰਗਾ ਯਾ ਮਾੜਾ ਅਸਰ ਪਾਉਂਦਾ ਹੈ ।

ਇਸ ਦਾ ਮਤਲਬ ਇਹ ਹੋਇਆ ਕਿ ਸਾਡੇ ਨਿੱਕੇ ਤੋਂ ਨਿੱਕੇ ਖ਼ਿਆਲਾਂ ਦਾ ਚੰਗਾ ਯਾ ਮਾੜਾ 'ਅਸਰ' :-

1. ਪਹਿਲਾਂ ਸਾਡੇ ਮਨਾਂ ਉਤੇ ਹੁੰਦਾ ਹੈ ।
2. ਫੇਰ ਪੁਲਾੜ ਦੇ ਸੂਖ਼ਮ ਵਾਤਾਵਰਣ ਨੂੰ ਬਦਲਦਾ ਅਤੇ 'ਗੰਧਲਾ' ਕਰਦਾ ਹੈ ।
3. ਪੁਲਾੜ ਦੇ 'ਵਾਤਾਵਰਣ' ਵਿਚ ਉਹੋ ਜਿਹੇ ਖ਼ਾਸ ਖ਼ਿਆਲਾਂ ਨਾਲ ਮਿਲਕੇ 'ਤਾਕਤਵਰ' ਹੁੰਦਾ ਹੈ ।
4. ਉਹੋ ਹੀ ਚੰਗੇ-ਮਾੜੇ 'ਸ਼ਕਤੀਮਾਨ' ਖਿਆਲ, ਮੁੜ ਕੇ ਸਾਡੇ ਮਨਾਂ ਉਤੇ, ਜ਼ੋਰਦਾਰ ਅਸਰ ਪਾਉਂਦੇ ਹਨ ।

ਇਸ ਤਰ੍ਹਾ, ਅਸੀਂ ਆਪਣੇ ਹੀ ਖਿਆਲਾਂ ਦੇ ਜ਼ਹਿਰੀਲੇ 'ਘੁੰਮਣ-ਘੇਰੇ' Vicious circle) ਵਿਚ ਫਸੇ ਹੋਏ ਹਾਂ, ਜਿਸ ਵਿਚੋਂ ਆਪਣੇ ਆਪ ਨਿਕਲਣਾ ਅਸੰਭਵ ਹੈ ।

ਇਸ ਤਰ੍ਹਾਂ, ਸਾਡੇ ਮਨ ਦੇ ਖਿਆਲਾਂ ਅਤੇ ਕਰਮਾਂ ਦਾ 'ਅਸਰ' ਸਾਰੀ 'ਖ਼ਲਕਤ' ਉਤੇ ਪੈਂਦਾ ਹੈ, ਅਤੇ ਖ਼ਲਕਤ ਦੇ ਖਿਆਲਾਂ ਦਾ ਅਸਰ, ਸ੍ਰਿਸ਼ਟੀ ਦੇ ਵਾਤਾਵਰਣ ਰਾਹੀਂ ਪਰਤਕੇ, ਸਾਡੇ ਮਨਾਂ ਤੇ ਪੈਂਦਾ ਹੈ ।

ਇਸ ਤਰ੍ਹਾਂ ਅਸੀਂ ਆਪਣੇ ਚੌਗਿਰਦੇ ਦੇ ਵਾਤਾਵਰਣ (Environment) ਨੂੰ— ਚੰਗਾ ਯਾ ਮਾੜਾ ਬਣਾਉਣ ਦੇ ਖੁਦ ਜ਼ਿੰਮੇਵਾਰ ਹਾਂ । ਅਤੇ ਉਸ ਦੀ ਚੰਗੀ-ਮਾੜੀ 'ਹਵਾੜ' ਦੇ ਭਾਗੀ ਹੁੰਦੇ ਹਾਂ ।

ਅੱਜ ਘੋਰ ਕਲਯੁਗ ਦਾ ਬੋਲ-ਬਾਲਾ ਹੈ । ਸਮੁੱਚੀ ਸ੍ਰਿਸ਼ਟੀ ਦਾ ਵਾਤਾਵਰਣ ਭੀ ਅਤਿਅੰਤ ਮਲੀਨ ਅਤੇ ਖ਼ਤਰਨਾਕ ਹੋ ਗਿਆ ਹੈ । ਜਿਸ ਕਾਰਨ ਭਾਈਚਾਰਕ ਗਿਲਾਨੀ (Social degeneration) ਇਸ ਹੱਦ ਤਕ ਵੱਧ ਗਈ ਹੈ, ਕਿ ਸਾਡੇ ਪਵਿੱਤਰ ਧਾਰਮਿਕ ਅਸਥਾਨ ਵੀ, ਇਸ ਦੀ ਲਪੇਟ ਤੋਂ ਬਚ ਨਹੀਂ ਸਕੇ ।

ਦੁੱਖਦਾਈ ਗੱਲ ਤਾਂ ਇਹ ਹੈ ਕਿ ਜਿਨ੍ਹਾਂ ਪਵਿੱਤਰ ਧਾਰਮਿਕ ਅਸਥਾਨਾਂ ਤੋਂ ਸਾਨੂੰ ਸ਼ਾਂਤੀ, ਸੁਖ ਅਤੇ ਭਗਤੀ-ਭਾਵਨਾ ਮਿਲਣੀ ਸੀ ਅਤੇ 'ਮਾਇਕੀ ਗਿਲਾਨੀ' ਤੋਂ ਬਚਾਉਣਾ ਸੀ—ਉਹ ਹੀ ਖੁਦ :-



moment to moment gets 'deposited' on similar cycles and wavelengths exhibiting various characteristics in the subtle computer of ether. (These cycles and wavelengths) get so powerful that through the overall worldly environment its good or bad effect, influences all the minds vibrating on those cycles and wavelengths.

This means that the good or bad effect of our tinniest thoughts:-

1. first affects our own minds.
2. then it changes and 'clouds' the subtle environment of ether.
3. In the environment of ether similar specific thoughts merge together and become 'powerful'.
4. Those good-bad 'powerful' thoughts boomerang and make a forceful impact on our mind.

In this way we are caught up in the poisonous vicious circle of our own thoughts from which it is impossible to extricate (or free) ourselves.

This is how the influence of the thoughts of our minds and deeds affect the masses and the effect of (collective) thought of the masses (in turn) affects our minds through the environment of the creation.

Thus we are directly responsible for making the environment around us good or bad and consequently become the co-sharers of the good – bad odour.

Today the era of 'kaljug' predominates. The entire environment of the creation has become extremely dirty and dangerous. This has caused social decline to increase to such an extent that our sacred religious institutions could not escape from its engulfment.

The sad thing is that those sacred religious institutions from which, we were supposed to receive peace, comfort and faith-filled worship and which were to protect us from ''worldly degradation, themselves have become centres of :-

ਕੂੜ-ਕਿਰਿਆ
ਕਰਮ-ਕਾਂਡ
ਈਰਖਾ-ਦਵੈਤ
ਵੈਰ-ਵਿਰੋਧ
ਲੜਾਈ ਝਗੜੇ
ਲਭ-ਲੋਭ
ਪਾਖੰਡ
ਹੰਕਾਰ

ਦੇ 'ਅੱਡੇ' ਬਣ ਗਏ ਹਨ।

**ਸ੍ਰਿਸ਼ਟੀ ਨੂੰ ਕੌਣ ਬਚਾਵੇ ?**

'ਥਾਨਸਟ ਜਗ ਭਰਿਸਟ ਹੋਏ, ਡੂਬਤਾ ਇਵ ਜਗੁ ।'
'ਸ੍ਰਿਸਟਿ ਸਭ ਇਕ ਵਰਨ ਹੋਈ, ਧਰਮ ਕੀ ਗਤਿ ਰਹੀ ॥'
(ਪੰਨਾ—662)

'ਸਰਮੁ ਧਰਮੁ ਦੁਇ ਛਪਿ ਖਲੋਏ, ਕੂੜੁ ਫਿਰੈ ਪਰਧਾਨੁ ਵੇ ਲਾਲੋ ॥'
(ਪੰਨਾ 722)

'ਰਾਜੇ ਪਾਪ ਕਮਾਵਦੇ, ਉਲਟੀ ਵਾੜ ਖੇਤ ਕਉ ਖਾਈ ॥' (ਭਾ: ਗੁ:)
'ਰਾਹਿ ਸੈਤਾਨੀ ਦੁਨੀਆ ਗੋਈ ।' (ਭਾ: ਗੁ:)

ਭਾਵੇਂ ਅਸੀਂ ਸਾਰੇ ਇਸ **ਭਾਈਚਾਰਕ ਅਤੇ ਧਾਰਮਿਕ 'ਗਿਲਾਨੀ' ਤੋਂ ਤੰਗ ਆ ਕੇ** ਅੰਦਰੋਂ-ਅੰਦਰੀ ਦੁਖੀ ਹੋ ਰਹੇ ਹਾਂ—ਪਰ ਇਸ ਦੇ **'ਸੁਧਾਰ' ਲਈ** ਕੋਈ ਠੋਸ, **'ਅਸਰ-ਦਾਇਕ' ਕਦਮ ਨਹੀਂ ਉਠਾਇਆ ਜਾ ਰਿਹਾ।**

ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਸ **'ਗਿਲਾਨੀ' ਦਾ 'ਸੁਧਾਰ'** ਪਹਿਲਾਂ ਆਪੋ ਆਪਣੇ **ਮਨਾਂ ਦੇ ਖਿਆਲਾਂ ਤੋਂ ਹੀ ਸ਼ੁਰੂ** ਹੋ ਸਕਦਾ ਹੈ। ਵਰਨਾ, ਸਾਡੇ **ਫੋਕੇ ਪ੍ਰਚਾਰ ਦਾ ਕੋਈ ਅਸਰ** ਨਹੀਂ ਹੋ ਸਕਦਾ।

ਸਾਡੀ ਮੌਜੂਦਾ **ਫੋਕੀ 'ਪ੍ਰਚਾਰ ਪ੍ਰਣਾਲੀ' ਦੇ ਨਤੀਜਿਆਂ ਤੋਂ ਸਪੱਸ਼ਟ ਹੋ ਰਿਹਾ ਹੈ** ਕਿ **ਬਾਵਜੂਦ** :-

1. ਬੇਅੰਤ ਧਰਮ-ਕਰਮਾਂ ਦੇ !
2. ਅਣਗਿਣਤ ਧਰਮ-ਅਸਥਾਨਾਂ ਦੇ !
3. ਬੇਅੰਤ ਧਾਰਮਿਕ-ਗ੍ਰੰਥਾਂ ਦੇ ਉਪਦੇਸ਼ਾਂ ਦੇ !
4. ਬੇਅੰਤ ਧਰਮ ਪ੍ਰਚਾਰ ਦੇ !



false deeds
rites and rituals
jealousy and duality
enmity and confrontation
quarrels and fights
greed
hypocrisy
ego.

1 How to save the creation?
The holy places of worship in the world are polluted, and so the world is drowning.........
The whole world has been reduced to the same social status; the state of righteousness and Dharma has been lost....... 662

2 Modesty and righteousness both have vanished, and falsehood struts around like a leader, O Lalo. 722

3 The rulers dealing in evil, a reversal where the hedge attacks the field (it is supposed to protect) Bh. Gurdas

4 The world is moving towards a satanic path. Bh. Gurdas

Although we have become distressed by this social and religious decline and suffer internally, but no firm, concrete, effective step has been taken to redress the situation.

Take note, the redressing of this degradation first has to start from the thoughts of our own mind otherwise our hollow parchaar (preaching) can have no effect whatsoever.

From the results of our current hollow 'preaching channels' it is clear that in spite of

1. numerous religious rites,
2. numerous religious institutions,
3. numerous sermons from religious texts,
4. numerous religious preaching

5. ਨਵੀਨ ਪ੍ਰਚਾਰ ਦੇ ਸਾਧਨਾਂ ਦੇ !
6. ਬੇਅੰਤ ਪਾਠ-ਪੂਜਾ ਦੇ !
7. ਬੇਅੰਤ ਕਰਮ-ਕਾਂਡਾਂ ਦੇ !
8. ਜੋਗ-ਸਾਧਨਾਂ ਦੇ !

ਸਾਡੀ ਮਾਨਸਿਕ ਅਤੇ ਧਾਰਮਿਕ **'ਗਿਲਾਨੀ' ਵੱਧਦੀ ਜਾ ਰਹੀ ਹੈ।**

ਭਾਵੇਂ ਇਸ **'ਗਿਲਾਨੀ' ਦੀ** ਬਾਬਤ ਅਸੀਂ ਸ਼ਿਕਾਇਤਾਂ ਅਤੇ **ਨੁਕਤਾਚੀਨੀ ਤਾਂ ਕਰੀਂ** ਜਾਂਦੇ ਹਾਂ —ਪਰ ਖੁਦ ਆਪਣੀ **ਪੁਰਾਣੀ ਗਿਲਾਨੀ ਵਾਲੀ** 'ਜੀਵਨ-**ਪ੍ਰਣਾਲੀ' ਨੂੰ ਛੱਡ ਨਹੀਂ ਸਕਦੇ।**

ਅਸੀਂ ਜੀਵਨ ਦੇ ਹਰ ਪਹਿਲੂ ਵਿਚ ਇਸ ਗਿਲਾਨੀ ਦਾ ਹੀ **ਆਸਰਾ ਯਾ ਸੇਧ ਲੈਂਦੇ ਹਾਂ,** ਅਤੇ ਆਪਣੀਆਂ ਚੰਗੀਆਂ-ਮਾੜੀਆਂ **ਗਰਜਾਂ ਦੀ ਪੂਰਤੀ ਲਈ,** ਕਿਸੇ ਪ੍ਰਕਾਰ ਦੇ ਜਾਇਜ਼-**ਨਾਜਾਇਜ਼ ਸਾਧਨਾਂ ਦੀ ਵਰਤੋਂ ਕਰਨ ਤੋਂ ਭੀ ਸੰਕੋਚ ਨਹੀਂ ਕਰਦੇ।**

ਇਸ ਗਿਲਾਨੀ ਦੇ **ਜ਼ਹਿਰੀਲੇ ਮਾਨਸਿਕ 'ਰੋਗ' ਵਧ ਕੇ ਇਤਨੇ ਸ਼ਕਤੀਮਾਨ ਹੋ ਗਏ ਹਨ,** ਕਿ **'ਤਪਦਿਕ' ਵਾਂਗ,** ਇਹ 'ਰੋਗ' ਸਾਡੇ ਤਨ, ਮਨ, ਬੁੱਧੀ, ਅੰਤਿਸ਼ਕਰਨ ਵਿਚ **'ਧੱਸ', 'ਵੱਸ,' 'ਰੱਸ'** ਗਏ ਹਨ, ਅਤੇ ਨਿਤਾ-ਪ੍ਰਤੀ **ਹੋਰ ਖ਼ਤਰਨਾਕ ਅਤੇ 'ਮਹਲਕ' ਹੋ ਰਹੇ ਹਨ।**

ਜਦ ਸਾਡੇ **ਖਿਆਲਾਂ ਦਾ ਅਸਰ ਇਤਨਾਂ ਡੂੰਘਾ ਅਤੇ ਖ਼ਤਰਨਾਕ ਹੋ ਸਕਦਾ ਹੈ,** ਤਾਂ **ਸਾਨੂੰ** ਆਪਣੇ ਖਿਆਲਾਂ ਉਤੇ **ਪਹਿਰਾ ਦੇਣ ਦੀ ਬਹੁਤ ਲੋੜ ਹੈ;** ਪਰ ਅਸੀਂ ਆਪੋ-ਆਪਣੇ ਖਿਆਲਾਂ ਅਤੇ ਕਰਮਾਂ ਦੇ **ਨਤੀਜਿਆਂ ਤੋਂ ਬੇ-ਪ੍ਰਵਾਹ ਤੇ ਅਵੇਸਲੇ ਹਾਂ,** ਅਤੇ ਪੁਰਾਣੀਆਂ ਆਦਤਾਂ ਅਨੁਸਾਰ ਹੀ ਜੀਵਨ ਬਤੀਤ ਕਰ ਰਹੇ ਹਾਂ।

ਇਸ ਤਰ੍ਹਾਂ ਅਸੀਂ ਆਪਣੀ **'ਮਾਨਸਿਕ-ਤਪਦਿਕ'** ਦੇ ਰੋਗ ਨੂੰ **ਹੋਰ ਦੀਰਘ ਤੇ ਖ਼ਤਰਨਾਕ** (Serious and dangerous) **ਬਣਾ ਰਹੇ ਹਾਂ।**

ਅਸੀਂ ਘਰਾਂ, ਗਲੀਆਂ, ਮੁਹੱਲਿਆਂ, ਸ਼ਹਿਰਾਂ, **ਚਾਰ-ਚੁਫੇਰੇ** ਦੇ 'ਗੰਧਲੇ' **ਵਾਯੂ-ਮੰਡਲ** (Ecological pollution) ਦੀ ਬਾਬਤ ਤਾਂ ਬੜੇ **ਵਾਦ-ਵਿਵਾਦ** ਕਰਦੇ ਹਾਂ ਅਤੇ **ਹਾਲ-ਦੁਹਾਈ ਮਚਾਉਂਦੇ ਹਾਂ**—ਪਰ ਆਪਣੀ **ਅੰਦਰਲੀ** 'ਮਾਨਸਿਕ **ਗਿਲਾਨੀ'** ਦੇ **ਭਿਆਨਕ ਨਤੀਜਿਆਂ ਤੋਂ ਅਨਜਾਣ, ਬੇ-ਖ਼ਬਰ,** ਬੇ-ਪ੍ਰਵਾਹ ਅਤੇ **ਅਵੇਸਲੇ ਹੋ ਰਹੇ ਹਾਂ।**

ਸਮਝਣ ਵਾਲੀ, **ਮਹੱਤਵਪੂਰਣ ਗੱਲ** ਇਹ ਹੈ ਕਿ **ਸ਼ਰੀਰਿਕ ਰੋਗ ਤਾਂ ਮੌਤ ਦੇ ਨਾਲ ਹੀ ਖ਼ਤਮ ਹੋ ਜਾਂਦੇ ਹਨ** ਪਰ ਅੰਤਿਸ਼ਕਰਨ ਵਿਚ **ਆਪੂ-ਸਹੇੜੇ ਮਾਨਸਿਕ**



5. novel means of preaching,
6. numerous 'paaths' and worship,
7. numerous rites and rituals,
8. yogic postures,

our mental and religious decline is on the increase.

Although we continue to complain and criticise about this decline, but we are unable to set aside the degeneration (brought about as a result) of our past 'life – channels'.

In every aspect of our life we lean out for support or direction to this decline and we do not even hesitate to utilise legitimate-illegitimate means to fulfill our good or bad needs.

The poisonous mental 'diseases' of this decline have increased and become so powerful that like T.B., these diseases have forced, permeated and resided themselves into our body, mind, intellect and the sub-conscious. Daily these are becoming more dangerous and overpowering.

If the effect our thoughts can reach such depths and become so dangerous, then (for our own good) we have to keep watch on our thoughts. But (it looks like) we couldn't care less, and knowingly appear unconcerned (when) we continue to live our life according to our past habits.

In this way we are making the mental disease T.B. even more serious and dangerous.

We debate and raise a hue and cry about the ecological pollution that affects our houses, roads districts, towns but we are unaware, indifferent and heedless about the terrible consequences of our internal mental degeneration.

The important thing that needs to be understood is that while the physical diseases (of an individual) will end with death, the self inflicted mental diseases

ਰੋਗ ਤਾਂ ਅਗਲੇ ਜਨਮਾਂ ਵਿਚ ਭੀ, ਜੀਵ ਦੇ ਨਾਲ ਚਿੰਬੜੇ ਰਹਿੰਦੇ ਹਨ।

ਸੰਸਾਰ ਵਿਚ ਅਗੇ ਹੀ ਗਿਲਨੀ ਭਰਪੂਰ ਹੋ ਕੇ 'ਉਛਲ' ਰਹੀ ਹੈ। ਜੇ ਇਸ ਮਾਨਸਿਕ 'ਗਿਲਾਨੀ' ਦੇ ਜ਼ਹਿਰ ਨੂੰ ਅਸੀਂ ਘਟਾ ਨਹੀਂ ਸਕਦੇ ਤਾਂ ਵਧਾਉਣ ਦਾ ਭੀ ਸਾਨੂੰ ਕੋਈ ਹੱਕ ਨਹੀਂ।

ਸਾਰੇ ਵਿਸ਼ਵ ਵਿਚ ਜੋ ਅਸ਼ਾਂਤੀ, ਖੁਦਗਰਜ਼ੀ, ਹਉਮੈ, ਈਰਖਾ, ਦਵੈਤ, ਵੈਰ-ਵਿਰੋਧ, ਲੜਾਈਆਂ, ਝਗੜੇ, ਅਤਿਆਚਾਰ, ਜ਼ੁਲਮ ਦਾ ਬੋਲ-ਬਾਲਾ ਹੈ, ਇਨ੍ਹਾਂ ਸਭਨਾਂ ਦਾ ਮੁੱਢਲਾ ਕਾਰਨ ਯਾ 'ਬੀਜ', ਸਾਡੇ ਹੀ ਆਪਣੇ ਖ਼ਿਆਲ ਅਤੇ ਸੰਸਕਾਰ ਹਨ, ਜਿਨ੍ਹਾਂ ਦਾ ਸਮੁੱਚਾ ਅਸਰ ਯਾ 'ਰੰਗਤ' ਦੁਨਿਆਵੀ-ਜੀਵਨ ਦੇ ਹਰ ਪੱਖ ਵਿਚ 'ਲਿਸ਼ਕਾਂ' ਮਾਰ ਰਿਹਾ ਹੈ।

ਰੱਬ ਨੇ, ਆਪਣੀ ਅੰਸ਼ 'ਬੰਦੇ' ਲਈ ਸਵਰਗ-ਰੂਪੀ ਸ੍ਰਿਸ਼ਟੀ ਸਾਜੀ ਸੀ, ਅਤੇ ਹਰ ਤਰ੍ਹਾਂ ਦੇ ਸੁਖ ਆਰਾਮ ਪ੍ਰਦਾਨ ਕੀਤੇ ਸਨ, ਪਰ ਅਸੀਂ ਆਪਣੇ ਨੀਵੇਂ ਖਿਆਲ, ਨੀਵੀਆਂ ਰੁਚੀਆਂ, ਅਤੇ ਮੰਦੇ ਕਰਮਾਂ ਦੁਆਰਾ ਇਸ ਸਵਰਗ-ਰੂਪੀ ਸ੍ਰਿਸ਼ਟੀ ਨੂੰ, ਨਰਕ-ਰੂਪੀ ਸ੍ਰਿਸ਼ਟੀ ਬਣਾ ਦਿੱਤਾ ਹੈ।

ਇਸ ਤਰ੍ਹਾਂ ਅਸੀਂ 'ਆਪਣੇ ਪੈਰੀਂ ਆਪ ਕੁਹਾੜਾ ਮਾਰਿਆ' ਹੈ, ਅਤੇ ਆਪ ਨਰਕ ਭੋਗਦੇ ਹੋਏ ਦੁਖੀ ਹੋ ਰਹੇ ਹਾਂ, ਅਤੇ ਹੋਰਨਾਂ ਨੂੰ ਭੀ ਦੁਖੀ ਕਰ ਰਹੇ ਹਾਂ!

ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ ॥
ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ ॥ (ਪੰਨਾ—1365)

Human mind is un-consciously and incessantly *weaving and shaping* his own good or bad world—within and around himself-*by his own thoughts*.

Every thought—good or bad—emanating from the mind—send subtle vibration all over the *Universe*, through electric waves, which are *registered* in the infinite and perfect *Universal computor of ETHER*.

Thus billions of thoughts—emanating every moment—from the minds of the whole Universe, are being *registered and processed instantaneously* by the Universal Computor and *shelved into LIKE wavelengths of ETHER*. The cycles and wavelengths of various hues and kinds of subtle vibrations *accummulate and shape the environment of the 'Universal Mind'*, just as in the case of *humin mind and sub-consciousness*.



in the subconscious will continue to cling on to the being even in the births hereafter.

The world is already filled and overflowing with degeneration. If we cannot reduce the poison of this mental decline, we have no right to contribute to its increase.

The main reason or seed for tension, selfishness, egotism, hatred, duplicity, enmity-confrontation, quarrels, fights tyranny, cruelty that predominates in the whole world is the accumulative effect of our own thoughts. The overall effect or 'hue' of these thoughts is reflected in every aspect of human life.

God, created for his off-spring, man, a heavenly world which provided for all kinds of peace and comfort. But we, through our lowly thoughts, base tendencies and evil deeds have turned a heavenly existence into a hellish one.

In this way we have 'ourselves harmed our own self' thereby experiencing hell and making others suffer as well.

Kabeer, the mortal loses his faith, for the sake of the world, but the world shall not go along with him in the end.
The idiot strikes his own foot with the axe by his own hand.1365

Human mind is un-consciously and incessantly *weaving and shaping* his own good or bad world-within and around himself- *by his own thoughts.*

Every thought-good or bad-emanating from the mind- send subtle vibration allover the *Universe,* through electric waves, which are *registered* in the infinite and perfect *Universal computer of ETHER.*

Thus billions of thoughts-emanating every moment- from the minds of the whole Universe, are being *registered and processed instantaneously* by the~ Universal Computer and *shelved into LIKE wavelengths of ETHER.* The cycles and wavelengths of 'various hues and kinds of subtle vibrations *accumulate and shape the environment of the 'Universal Mind',* just as in the case of *human mind and sub-consciousness*

In this subtle cosmic process—our thoughts have profound influence to :—

1. Directly shaping our character, fate and destiny.
2. Indirectly moulding and modifying the subtle environment of the Universe.
3. Recoiling back on the whole humanity-collectively.

In fact every thought is a *dynamic 'Seed'*, which sprouts and *spreads in the mental-world*, and *engulf the entire Universe*, to make or mar our lives, according to the nature of our thoughts.

This explains the *tense and vicious environment* of selfishness, pride, unrest, strife, jealousy, cruelty and wars—prevailing all over the world—*inspite* of numerous professed religions and cults, and pious efforts of August institutions like U.N.O. etc.

God created a *Heaven* for his children—to live and enjoy it. But we—*'prodigal' sons* of Earth—have *turned it into Hell*, and created a *'vicious rendezvous'*—under the influence of our *baser and depraved thoughts*, and *degenerated moral values*.

Dynamic cultivated thoughts are so powerful that they are capable of *modifying* the cumulative results of our present and past lives. They are so *insidious* and permeating that they can have *profound effect on our future lives as well*.

The sound of a *particular* wavelength is caught and relayed by any radio set, tuned to that *particular* wavelength.

Similarly wavelength of acquisitive, intense feelings and emotions of subtle thoughts are caught, perceived and conceived by our 'mind-radio'—tuned to that *particular* wavelength *anywhere in the vast cosmos*.

This means that cumulative result of our good or bad thoughts are *registered in the ETHER*, and caught and *conceived by any 'mind-radio'—whenever and wherever* it is *tuned to the particular* wavelength of that original thought.



In this subtle cosmic process-our thoughts have profound influence to :-

I. Directly shaping our character, fate and destiny.
2. Indirectly moulding and modifying the subtle environment of the Universe.
3. Recoiling back on the whole humanity-collectively.

In fact every thought is a *dynamic 'Seed',* which sprouts and *spreads in the mental-world,* and *engulf the entire Universe,* to make or mar our lives, according to the nature of our thoughts.

This explains the *tense and vicious environment* of selfish- ness, pride, unrest, strife, jealousy, cruelty and wars-prevailing all over the *world-inspite* of numerous professed religions and cults, and pious efforts of August institutions like U.N.O. etc.

God created a *Heaven* for his children-to live and enjoy it. But *we-'prodigal' sons* of Earth-have *turned it into Hell,* and created a *'vicious rendezvous'-under* the influence of our *baser and depraved thoughts,* and *degenerated moral values.*

Dynamic cultivated thoughts are so powerful that they are capable of *modifying* the cumulative results of our present and past lives. They are so *insidious* and permeating that they can have *profound effect on our future lives as well.*

The sound of a *particular* wavelength is caught and relayed by any radio set, tuned to that *particular* wavelength.
Similarly wavelength of acquisitive, intense feelings and emotions of subtle thoughts are caught, perceived and conceived by our 'mind-radio'-tuned to that *particular* wavelength *anywhere in the vast cosmos.*

This means that cumulative result of our good or bad thoughts are *registered in the ETHER,* and caught and *conceived by any 'mind-radio'-whenever and wherever* it is *tuned to the particular* wavelength of that original thought.

16

Similarly the *current of* a *singular thought*—passes *through* all the *'mind radios'*—*tuned to* that particular wavelength.

This explains why drunkards and villians, or noble and pious people, are *attracted and joined together*, proving the idiom—'Birds of the same feather flock together'.

We are daily witnessing this principle in our 'Audio-Visual' process of electronic science.

Thus, principle of attraction and communication on the same wavelength is working invisibly and imperceptibly *throughout* the universe, *even beyond the limits of 'Death'*, and subtly effect our mind process, shape our environment and relationship in the *next life.*

ਕਿਸੇ ਚਿਤਵਨੀ ਨੂੰ **'ਖ਼ਿਆਲ'** ਆਖਿਆ ਜਾਂਦਾ ਹੈ ।
ਕਿਸੇ ਖ਼ਿਆਲ ਵੱਲ **ਗਹੁ ਕੀਤਾ ਜਾਵੇ** ਤਾਂ **'ਧਿਆਨ'** ਬਣ ਜਾਂਦਾ ਹੈ ।
'ਰੁਚੀ' ਯਾ ਦਿਲਚਸਪੀ ਅਨੁਸਾਰ, ਧਿਆਨ **'ਤੀਬਰ'** (intense) **ਬਣ ਜਾਂਦਾ ਹੈ ।**
**'ਤੀਬਰ ਧਿਆਨ'** ਵਿਚੋਂ **ਵਲਵਲੇ ਉਪਜਦੇ ਹਨ ।**
ਵਲਵਲਿਆਂ ਦੀਆਂ ਸੂਖ਼ਮ **'ਖ਼ਿਆਲੀ' ਉਡਾਰੀਆਂ** ਨੂੰ **'ਕਵਿਤਾ'** ਕਿਹਾ ਜਾਂਦਾ ਹੈ ।
ਦਿਲਚਸਪੀ ਅਤੇ ਰੁਚੀਆਂ ਅਨੁਸਾਰ **ਕਰਮਾਂ ਦੀ ਪ੍ਰੇਰਨਾ ਹੁੰਦੀ ਹੈ ।**
**ਕਰਮਾਂ ਦੇ ਅਭਿਆਸ** ਦੁਆਰਾ **'ਆਦਤਾਂ' ਬਣਦੀਆਂ ਹਨ ।**
**ਆਦਤਾਂ ਦੇ ਅਭਿਆਸ** ਦੁਆਰਾ **'ਰੁਚੀਆਂ' ਬਣਦੀਆਂ ਜਾਂਦੀਆਂ ਹਨ ।**
**ਡੂੰਘੀਆਂ ਰੁਚੀਆਂ ਵਾਲੇ ਖ਼ਿਆਲਾਂ** ਨਾਲ ਸਾਡਾ **'ਸੁਭਾਉ' ਬਣਦਾ ਹੈ ।**
**'ਸੁਭਾਉ'** ਅਨੁਸਾਰ ਸਾਡਾ **'ਚਾਲ ਚਲਨ'** ਬਣਦਾ ਹੈ ।
**'ਚਾਲ-ਚਲਨ'** ਅਨੁਸਾਰ ਸਾਡਾ **'ਜੀਵਨ'** ਬਣਦਾ ਹੈ ।
'ਜੀਵਨ' ਅਨੁਸਾਰ ਸਾਡੇ **'ਭਾਗ' ਬਣਦੇ ਹਨ ।**

ਇਸ ਤਰ੍ਹਾਂ ਅਸੀਂ **'ਕਰਮ-ਬੱਧ' ਹੋਕੇ** ਸਹਿਜ-ਸੁਭਾਇ, **ਬੇ-ਧਿਆਨੇ ਹੀ ਕਰਮ ਕਰੀ ਜਾਂਦੇ ਹਾਂ** ਅਤੇ **ਨਤੀਜੇ ਭੁਗਤਦੇ ਹਾਂ ।**

ਇਹਨਾਂ ਮਾਨਸਿਕ ਅਵਸਥਾਵਾਂ ਦਾ **ਮੁੱਢ-ਕਾਰਨ ਯਾ 'ਬੀਜ'**, ਸਾਡੀ ਚਿਤਵਨੀ ਜਾਂ **ਖ਼ਿਆਲ ਹੀ ਹਨ ।**

ਉਪਰਲੇ ਵਿਚਾਰ ਤੋਂ ਸਿੱਧ ਹੋਇਆ ਕਿ ਸਾਡੇ ਕਰਮ, ਆਦਤਾਂ, ਸੁਭਾਉ, ਜੀਵਨ, ਭਾਗ-ਸਾਡੇ **ਚੰਗੇ ਯਾ ਮਾੜੇ ਖ਼ਿਆਲਾਂ ਤੇ ਨਿਰਭਰ ਹਨ ।**

ਜੇਹਾ ਬੀਜੇ ਸੋ ਲੁਣੇ ਕਰਮਾਂ ਸੰਦੜਾ ਖੇਤੁ ॥ (ਪੰਨਾ—134)



Similarly the *current of* a *singular thought-passes through* all the *'mind radios'-tuned to* that particular wavelength.

This explains why drunkards and villains, or noble and pious people, are *attracted and joined together,* proving the idiom-'Birds of the same feather flock together'.

We are daily witnessing this principle in our 'Audio- Visual' process of electronic science.

Thus, principle of attraction and communication on the same wavelength is working invisibly and imperceptibly *throughout* the universe, *even beyond the limits of 'Death',* and subtly effect our mind process, shape our environment and relationship in the *next life.*

A recollection is called a thought.
Focusing on a thought becomes attention.
According to inclination or interest, attention becomes intense.
From intense attention emotions arise.
The subtle flight of thoughts in emotion is deemed to be emotion.
Interest and inclination leads towards action.
Through the practice of action, habits are formed.
Through the practice of habits tendencies are formed.
Thoughts resulting from deep tendencies give rise to our behaviour.
According to behaviour character is formed.
According to our character life is fashioned.
According to life or future is created.

In this way spontaneously caught up in the cycle of deeds, without any awareness, we keep doing deeds and facing the consequences.

The prime cause or 'seed' for these mental states is indeed our recollections or thoughts.

It is clear from the above discussion that our deeds, habits, behaviour, life, fortune depend on our good or bad thoughts

*As you plant, so shall you harvest; your destiny is recorded on your forehead. 134*

ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥ (ਪੰਨਾ—474)

ਫਰੀਦਾ ਲੋੜੈ ਦਾਖ ਬਿਜਉਰੀਆ ਕਿਕਰਿ ਬੀਜੈ ਜਟੁ ॥
ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥ (ਪੰਨਾ—1379)

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥
(ਪੰਨਾ—433)

ਜੇਕਰ ਸਾਡੇ **ਖਿਆਲ ਚੰਗੇ, ਉਤਮ, ਦੈਵੀ ਹੋਣ** ਤਾਂ ਸਾਡਾ ਜੀਵਨ **ਉਚੇਰਾ ਚੰਗੇਰਾ, ਸੁਹਣੇਰਾ ਅਤੇ ਦੈਵੀ ਬਣ ਸਕਦਾ ਹੈ।**

ਮਾੜੀਆਂ ਅਤੇ ਨੀਵੀਆਂ ਰੁਚੀਆਂ ਵਾਲੇ ਖ਼ਿਆਲਾਂ ਨਾਲ **'ਅਸੁਰੀ' ਅਉਗੁਣ ਉਪਜਦੇ ਹਨ**, ਅਤੇ ਅਸੀਂ ਲਭ-ਲੋਭ, ਵੈਰ-ਵਿਰੋਧ, ਚਿੰਤਾ-ਫ਼ਿਕਰ, ਹਉਮੈ-ਵੇੜਿਆ, **'ਗਿਲਾਨੀ' ਵਾਲਾ 'ਜੀਵਨ' ਭੋਗਦੇ ਹਾਂ** ਅਤੇ ਦੁਖੀ ਹੁੰਦੇ ਹਾਂ :-

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ—33)

ਆਪਣੇ ਜੀਵਨ ਨੂੰ **ਬਦਲਣ ਲਈ**—ਸਭ ਤੋਂ ਪਹਿਲਾਂ ਸਾਡੇ ਅੰਤ੍ਰ-ਆਤਮੇ, **'ਚੰਗੇ-ਮਾੜੇ', ਦੀ ਪਹਿਚਾਨ** ਯਾ **'ਨਿਰਨਾ' ਕਰਨ ਦੀ ਸ਼ਕਤੀ** ਯਾ **ਬਿਬੇਕ ਬੁੱਧੀ ਜ਼ਰੂਰੀ ਹੈ।** ਪਰ ਅਫ਼ਸੋਸ ਦੀ ਗੱਲ ਹੈ ਕਿ ਸਾਡੀ 'ਬੁੱਧੀ' ਇਤਨੀ ਮਲੀਨ ਹੋ ਗਈ ਹੈ ਕਿ ਅਸੀਂ ਚੰਗਿਆਈ ਅਤੇ ਬੁਰਿਆਈ ਦਾ **ਨਿਰਨਾ ਕਰਨ ਤੋਂ ਭੀ ਅਸਮਰਥ ਹੋ** ਗਏ ਹਾਂ। ਆਪਣੀਆਂ ਗਰਜ਼ਾਂ ਦੀ ਪੂਰਤੀ ਲਈ ਸਾਰੇ **ਮਲੀਨ ਕਰਮਾਂ ਨੂੰ ਜਾਇਜ਼ ਮੰਨੀ ਬੈਠੇ ਹਾਂ।**

ਇਹ **'ਨਿਰਨਾ-ਸ਼ਕਤੀ'** ਯਾ **'ਬਿਬੇਕ ਬੁੱਧੀ'** ਪ੍ਰਾਪਤ ਕਰਨ ਲਈ, ਗੁਰਬਾਣੀ ਦੀ ਰੋਸ਼ਨੀ ਵਿਚ :-

1. ਉੱਚੀ-ਸੁੱਚੀ, ਜੀਓਂਦੀ—ਜਾਗਦੀ **'ਸਾਧ ਸੰਗਤ'**,
2. **'ਸਿਮਰਨ'**, ਨਾਮ ਅਭਿਆਸ ਕਮਾਈ,
3. **'ਗੁਰਪ੍ਰਸਾਦਿ'** ਦੀ ਲੋੜ ਹੈ।

ਇਸ **'ਨਿਰਨਾ-ਸ਼ਕਤੀ'** ਤੋਂ **ਬਗ਼ੈਰ**, ਅਸੀਂ ਆਪਣੀ **ਪੁਰਾਣੀ ਗਲਤ 'ਸੋਚ-ਪ੍ਰਣਾਲੀ' ਵਿਚ ਹੀ** ਕਰਮ ਕਰਦੇ ਰਹਾਂਗੇ ਅਤੇ ਨਤੀਜੇ ਭੁਗਤਦੇ ਰਹਾਂਗੇ।

ਪਿਛੇ ਦਸਿਆ ਜਾ ਚੁਕਿਆ ਹੈ ਕਿ ਸਾਡੇ ਮਨ ਦੀ **'ਰੰਗਤ' ਦਾ ਮੁੱਢ** ਕਾਰਨ, ਸਾਡੇ **ਖ਼ਿਆਲ** ਹੀ ਹਨ। ਇਸ ਲਈ ਖ਼ਿਆਲਾਂ ਦੇ **ਬਦਲਣ ਨਾਲ ਹੀ ਸਾਡੇ ਮਨ ਦੀ 'ਰੰਗਤ' ਬਦਲ ਸਕਦੀ ਹੈ।** ਸਾਡਾ 'ਮਨ' ਉਦਾਲੇ-ਪੁਦਾਲੇ ਦੇ **ਵਾਤਾਵਰਣ ਦੀ 'ਸੰਗਤ' ਦਾ ਅਸਰ ਲੈਂਦਾ ਹੈ।**

ਜੋ ਜੈਸੀ ਸੰਗਤ ਕਰੇ ਸੋ ਤੈਸੋ ਫਲ ਖਾਇ। (ਪੰਨਾ—1369)



1 He sows seeds of poison, and demands Ambrosial Nectar. Behold - what justice is this? 474

2 Fareed, the farmer plants acacia trees, and wishes for grapes.
He is spinning wool, but he wishes to wear silk. 1379

3 Whatever I did, for that I have suffered; I do not blame anyone else. 433

If our thoughts can be clean, lofty and virtuous then our life can become lofty, clean, beautiful and virtuous.

With thoughts that arise from bad and lowly inclinations, demonic evils arise making us face and suffer a life of lust, enmity-confrontation, dread-fear, (life that is) ego ridden and degenerative.

4 Enmeshed and entangled the whole world dies in false occupations and attachments. 33

To change our life the first thing that is essential is the ability to recognise between good and bad, or the discerning power, or a discriminatory intellect. But the sad thing is that our intellect (or mind) has become so polluted that we are unable to differentiate between the good and bad. For the sake of satisfying our selfish needs we have legitimised all evil deeds or actions.

To acquire this discerning power or discrimination intellect in the light of Gurbani there is a need for:-

1 lofty, pure, vibrating awakened sadh sangat.
2 the cultivation of the practice of Naam Simran- meditating on God's Name.
3 the Grace of the Guru.

Without this discriminatory power we will continue to operate according to our old flawed thoughts processes and continue to face the consequences.

It has been explained earlier the principle cause of our mental 'make up' or hue are our thoughts. That is why, it is only when our thoughts change that our mental 'make up' or hue can change. The mind is influenced by the 'company' of the surrounding environment (it is in).

5 The nature of the company determines the fruits that are reaped. 1369

ਮਨ ਨੂੰ 'ਮਾਰਿਆ' ਨਹੀਂ ਜਾ ਸਕਦਾ—ਬਲਕਿ ਮਨ ਨੂੰ **'ਦੈਵੀ' 'ਗੁਣਾਂ ਦੀ ਪਿਊਂਦ'** ਚੜ੍ਹਾਈ ਜਾ ਸਕਦੀ ਹੈ—ਜਿਸ ਨਾਲ ਸਾਡੇ **ਕਰਮਾਂ ਦੇ ਨਤੀਜੇ, ਫਲ ਚੰਗੇ ਬਣ ਸਕਦੇ ਹਨ।**

ਇਹ **ਦੈਵੀ-'ਪਿਊਂਦ'**, ਸਿਰਫ਼ ਬਖਸ਼ੇ ਹੋਏ 'ਗੁਰਮੁਖ ਪਿਆਰਿਆਂ,' 'ਮਹਾਂਪੁਰਖਾਂ' ਦੀ **'ਸੰਗਤ'** ਨਾਲ ਹੀ ਚੜ੍ਹ ਸਕਦੀ ਹੈ।

**Influence of our contact with, and company of the surrounding world, and our inner 'thought-world'-have *profound effect* in *moulding and changing our* thoughts—beliefs or consciousness, which form the basis of our good or bad lives, fate and destiny.**

**In other words, the important and crucial point of our Egoistic life, is the *influence of the company we keep*, which can make or mar the fate of our life.**

**Therefore it is obvious that a sublime, *inspiring vibrating, 'living' company*, "ਸਤ-ਸੰਗ", is essential for grafting and transforming of our consciousness.**

**This transformation in our thoughts, conception and faith can be wrought only through the *company of awakened, illuminated and blessed souls*.**

**When this transformation of our consciousness takes place, our soul is *awakened and illuminated with the Divine light and wisdom*, and the darkness of false egoistic illusion *spontaneously fades away*, just as the darkness of night fades away on the rising of the sun.**

**It is a matter of *'substitution' of darkness with light*, and not its destruction.**

1. ਇਸ ਤੋਂ ਇਲਾਵਾ, ਜਿਉਂ-ਜਿਉਂ ਸਾਡੀ 'ਨਿਰਣਾ ਸ਼ਕਤੀ' ਵਧਦੀ ਜਾਵੇ-ਤਿਉਂ-ਤਿਉਂ ਮਨ ਵਿਚੋਂ ਨੀਵੇਂ ਖ਼ਿਆਲਾਂ ਨੂੰ, ਉਸੇ ਵੇਲੇ ਫੌਰਨ ਭੁਲਾਉਣ ਦਾ ਯਤਨ ਕਰਨਾ ਚਾਹੀਦਾ ਹੈ।

2. ਉਹਨਾਂ ਦੀ ਥਾਂ :-

ਉਚੇਰੇ
ਚੰਗੇਰੇ
ਸੁਹਨੇਰੇ



Mind cannot be ' killed' but it can be grafted with virtuous attributes – which in turn can enhance the goodness of the consequences of our deeds.

This divine 'grafting' can only take place in the company of blessed 'beloved gurmukhs' evolved souls.

1. Apart from this, as our discerning power increases, at the same time an effort should be made to detach the mind from lowly thoughts.

2. In place of them, contemplation on

lofty
good
beautiful

ਦੈਵੀ

ਆਤਮਿਕ

ਖ਼ਿਆਲਾਂ ਦੀ ਵਿਚਾਰ–ਸਹਾਇਕ ਹੋ ਸਕਦੀ ਹੈ ।

3. ਸਾਧ ਸੰਗਤ ਦੀ ਓਟ ਲੈਣੀ ਚਾਹੀਦੀ ਹੈ ।

4. ਗੁਰਬਾਣੀ ਦਾ ਪਿਆਰ ਅਤੇ ਸਮਝ ਨਾਲ 'ਪਾਠ' ਕਰਨਾ ਚਾਹੀਦਾ ਹੈ ।

5. ਅੰਤ੍ਰ–ਆਤਮੇ 'ਸਿਮਰਨ' ਕਰਨਾ ਚਾਹੀਦਾ ਹੈ ।

**If we desire and aspire for higher, nobler, healthier and happier life, it is essential that, first of all we avoid, discard,** ***forget or brush aside*** **our baser ideas and thoughts** ***at once, as soon as they sprout in our mind,*** **and at the same time** ***replace or substitute them*** **with higher, nobler, inspiring thoughts, by invoking the help and guidance of the** ***Guru's Grace,*** **and seek and imbibe sublime** ***inspiration of Gurbani*** **and holy** ***company of awakened and enlightened souls.***

**If these depraved thoughts are not forgotten or** ***diverted in the first instance,*** **and are** ***entertained and*** **cultivated, they** ***percolate and penetrate deep into our mind*** **and sub-consciousness. Gradually in course of time, they become** ***insidious and powerful to enslave*** **us, making us corrupt, depraved and vulgar, with a trial of baser elements of selfishness, envy, prejudice, avarice, jealousy, hatred, anger, egocentricity, aggressiveness, wickedness, cruelty, and what not.**

ਉਪਰਲੀਆਂ ਵਿਚਾਰਾਂ ਨੂੰ ਹੋਰ ਸਮਝ ਗੋਚਰੀ ਅਤੇ ਸਪੱਸ਼ਟ ਕਰਨ ਲਈ ਕੁਝ ਢੁਕਵੇਂ ਉਦਾਹਰਣ ਦਿੱਤੇ ਜਾਂਦੇ ਹਨ ।

1. ਅਮਰੀਕਾ ਵਿਚ ਦੋ ਸਹੇਲੀਆਂ ਬੜੇ ਪਿਆਰ ਨਾਲ ਰਹਿੰਦੀਆਂ ਸਨ । ਜਿਨਾਂ ਦਾ ਇਕ ਦੂਸਰੇ ਤੋਂ ਵਿਛੜਨਾ ਭੀ ਔਖਾ ਸੀ । ਕੁਝ ਸਮਾਂ ਪਾ ਕੇ ਉਹਨਾਂ ਵਿਚ ਦਵੈਤ ਆ ਗਈ । ਇਹ ਦਵੈਤ ਵੱਧਦੀ ਵੱਧਦੀ ਬੜੀ ਘਿਰਨਤ ਦੁਸ਼ਮਣੀ ਵਿਚ ਬਦਲ ਗਈ । ਉਨ੍ਹਾਂ ਵਿਚੋਂ ਇਕ ਨੂੰ ਜੋੜਾਂ ਵਿਚ ਦਰਦਾਂ ਇਤਨੀਆਂ ਵਧ ਗਈਆਂ ਕਿ ਉਸ ਲਈ, ਉੱਠਣਾ, ਬੈਠਣਾ, ਹਿਲਣਾ, ਜੁਲਣਾ ਵੀ ਅਤਿਅੰਤ ਦੁਖ਼ਦਾਈ ਹੋ ਗਿਆ । ਉਸ ਨੇ ਬਹੁਤ ਇਲਾਜ ਕਰਾਏ, ਪਰ ਕੋਈ ਫ਼ਾਇਦਾ ਨਾ ਹੋਇਆ । ਆਖ਼ਿਰ ਉਹ ਕਿਸੇ ਮਾਨਸਿਕ ਡਾਕਟਰ (Psychiatric) ਕੋਲ ਗਈ । ਉਸ ਨੇ ਸਾਰੀ ਖੋਜ ਕਰਕੇ ਕਿਹਾ, "ਤੇਰਾ



virtuous

divine

thoughts can be fruitful.

3. We should looks towards the sadh sangat the congregation of the holy for inspiration.

4. We should do Gurubani paath with love and understanding

5. We should do simran –remembrance of Waheguru- within our inner self.

If we desire and aspire for higher, nobler, healthier and happier life, it is essential that, first of all we avoid, discard, , *forget or brush aside* our baser ideas and thoughts *at once, a s soon as they sprout in our mind,* an d at the same time *replace or substitute them* with higher, nobler, inspiring thoughts, by invoking the help and guidance of the *Guru's Grace,* and seek and imbibe sublime *inspiration of Gurbani* and holy *company of awakened and enlightened souls* .

If these depraved thoughts are not forgotten or *diverted in the first instance,* and are *entertained and* cultivated, they *percolate and penetrate deep into our mind* and sub-consciousness, Gradually in course of time, they become *insidious and powerful to enslave* us, making us corrupt, depraved and vulgar, with a trial of baser elements of selfishness, envy, prejudice, avarice, jealousy, hatred, anger, ego centricity, aggressiveness. wicked ness, cruelty, and what not.

More examples are given to make the understanding of the above discourse even clearer.

1. "Two lady friends in America enjoyed a very loving relationship. Separation from each other was unthinkable. After some time differences arose between the two, which continued to increase to a point where it changed into contemptuous enmity. The pain in the joints of one of them became so acute that to get up or sit, even moving around became a very painful affair. She looked for cures every but there was no relief. Finally she went to a 'psychiatrist'. After studying the case, he said,

ਇਲਾਜ ਦਵਾਈਆਂ ਨਾਲ ਹਰਗਿਜ਼ ਨਹੀਂ ਹੋ ਸਕਦਾ । ਤੇਰਾ ਇਕੋ-ਇਕ ਇਲਾਜ ਹੈ, ਜੋ ਤੂੰ ਆਪੇ ਹੀ ਕਰ ਸਕਦੀ ਹੈ । ਉਹ ਹੈ ਕਿ ਤੂੰ ਫੇਰ ਆਪਣੀ ਸਹੇਲੀ ਦੇ ਸਾਰੇ **ਰੋਸੇ-ਗਿਲੇ ਭੁਲਾ ਕੇ ਉਸ ਨੂੰ ਪਹਿਲਾਂ ਵਾਂਗ ਹੀ ਪਿਆਰ ਕਰ ।"**

ਪਹਿਲਾਂ ਤਾਂ ਉਹ ਬੜੀ ਔਖੀ ਹੋਈ ਕਿ ਇਹ ਗੱਲ ਕਦੀ ਨਹੀਂ ਹੋ ਸਕਦੀ ਕਿ ਉਹ ਉਸਨੂੰ ਫੇਰ ਪਿਆਰ ਕਰ ਸਕੇ । ਪਰ 'ਮਰਤਾ ਕਿਆ ਨਹੀਂ ਕਰਤਾ' ਅਨੁਸਾਰ ਜਦ ਦਰਦਾਂ ਨੇ ਅਤਿਅੰਤ ਦੁਖੀ ਕੀਤਾ ਤਾਂ ਉਹ ਸਾਰੇ **ਪਿਛਲੇ 'ਰੋਸੇ-ਗਿਲੇ' ਭੁਲਾ ਕੇ ਆਪਣੀ ਸਹੇਲੀ ਦੇ ਜਾ ਗਲ ਲੱਗੀ ।** ਉਹ ਦੋਨੋਂ ਸਹੇਲੀਆਂ **ਫਿਰ ਪਿਆਰ ਨਾਲ ਰਹਿਣ ਲੱਗੀਆਂ ।** ਨਤੀਜਾ ਇਹ ਹੋਇਆ ਕਿ **ਦਰਦਾਂ ਘੱਟਦੀਆਂ ਗਈਆਂ** ਅਤੇ ਕੁਝ ਮਹੀਨਿਆਂ ਵਿਚ ਉਹ **ਬਿਲਕੁੱਲ ਰਾਜੀ ਹੋ ਗਈ ।**

2. ਸਵਾਮੀ ਵਿਵੇਕਾਨੰਦ ਜੀ (Swami Vivekanand) ਨੇ ਇਸ ਮਾਨਸਿਕ ਸ਼ਕਤੀ ਦੀ ਬਾਬਤ ਆਪਣੇ ਅਮਰੀਕਾ ਦੇ ਕਿਸੇ ਵਿਖਿਆਨ ਵਿਚ 'Mind Power' ਮਾਨਸਿਕ ਸ਼ਕਤੀ ਬਾਰੇ ਸੋਹਣਾ ਚਾਨਣਾ ਪਾਇਆ ਹੈ :-

ਜਦ ਉਹ ਕਾਲਿਜ ਵਿਚ ਪੜ੍ਹਦੇ ਸਨ, ਕੁਝ ਹੋਰ ਮਨਚੱਲੇ ਵਿਦਿਆਰਥੀਆਂ ਨੂੰ ਨਾਲ ਲੈ ਦੱਖਣੀ ਭਾਰਤ ਵਿਚ ਕਿਸੇ ਬ੍ਰਾਹਮਣ ਕੋਲ ਗਏ—ਜਿਸ ਦੀ ਬਾਬਤ ਉਹਨਾਂ ਸੁਣਿਆ ਸੀ ਕਿ ਬੜੀਆਂ ਅਨੋਖੀਆਂ **ਕਰਾਮਾਤਾਂ ਕਰਦਾ ਹੈ ।** ਜਦ ਉਸਨੂੰ ਕੋਈ ਕਰਾਮਾਤ ਦਿਖਾਉਣ ਲਈ ਕਿਹਾ, ਤਾਂ ਬ੍ਰਾਹਮਣ ਨੇ ਉਹਨਾਂ ਨੂੰ ਕਿਹਾ ਕਿ ਆਪੋ-ਆਪਣੇ **ਮਨ-ਭਾਉਂਦੇ 'ਫਲ' ਦੀ ਗੁਪਤ ਚਿਤਵਨੀ ਕਰਕੇ** ਕਾਗਜ਼ ਤੇ ਲਿਖ ਕੇ ਆਪੋ-ਆਪਣੀਆਂ ਜੇਬਾਂ ਵਿਚ ਰਖ ਲੈਣ । ਫੇਰ ਉਹਨਾਂ ਨੂੰ ਅੱਖਾਂ ਬੰਦ ਕਰਕੇ ਬੈਠਣ ਲਈ ਕਿਹਾ, ਅਤੇ ਆਪ ਭੀ ਸਮਾਧੀ ਲਾਕੇ ਬੈਠ ਗਿਆ । ਕੁਝ ਚਿਰ ਮਗਰੋਂ ਅੱਖਾਂ ਖੋਲ੍ਹਣ ਲਈ ਕਿਹਾ ਤਾਂ ਵਿਦਿਆਰਥੀ ਇਹ ਦੇਖ ਕੇ ਹੈਰਾਨ ਹੋਏ ਕਿ ਉਹਨਾਂ ਦੇ ਸਾਹਮਣੇ ਕਈ ਕਿਸਮ ਦੇ **'ਫਲਾਂ' ਦਾ ਢੇਰ ਲੱਗਾ ਹੋਇਆ ਹੈ ।**

ਬ੍ਰਾਹਮਣ ਨੇ ਕਿਹਾ ਕਿ ਤੁਸੀਂ ਆਪੋ-ਆਪਣੇ ਚਿਤਵੇ ਹੋਏ ਫਲ ਚੁਣ ਕੇ ਖਾਉ, ਪਰ ਵਿਦਿਆਰਥੀ **'ਜਾਦੂ ਦੇ ਫਲ'** ਖਾਣ ਤੋਂ ਝਿਜਕਦੇ ਸਨ । **ਬ੍ਰਾਹਮਣ ਨੇ ਆਪ ਫਲ ਖਾ ਕੇ** ਉਨ੍ਹਾਂ ਦੀ ਤਸੱਲੀ ਕੀਤੀ ਕਿ **ਇਹ ਕੁਦਰਤੀ ਤਾਜ਼ੇ ਫਲ ਹਨ** ਅਤੇ ਹਾਨੀਕਾਰਕ ਨਹੀਂ ਹਨ । ਵਿਦਿਆਰਥੀਆਂ ਨੇ ਜਦ ਉਹ ਫਲ ਖਾ ਕੇ ਦੇਖੇ ਤਾਂ ਉਨ੍ਹਾਂ ਵਿਚ ਕੁਦਰਤੀ ਮਹਿਕ, ਸੁਆਦ ਅਤੇ ਰਸ ਭਰਿਆ ਹੋਇਆ ਸੀ । ਵਿਦਿਆਰਥੀ ਹੋਰ ਭੀ ਹੈਰਾਨ ਹੋਏ ਜਦ ਉਨ੍ਹਾਂ ਨੇ ਦੇਖਿਆ ਕਿ **ਇਹ ਫਲ ਬੇ-ਰੁੱਤੇ ਅਤੇ ਬਦੇਸ਼ੀ (out-of-season and foreign) ਹਨ,** ਅਤੇ ਬਿਲਕੁੱਲ **ਤਾਜ਼ੇ** ਹਰੀਆਂ ਪੱਤੀਆਂ ਅਤੇ ਟਾਹਣੀਆਂ **ਸਮੇਤ** ਸਨ ।



"There is no way you can be cured by taking medicines. For you there is only one cure which you yourself can carry out; and that is forget all your anger and grievances against your friend and start loving her."

At first she became very disturbed. This thing can never happen. But as the saying goes, 'When faced with death what is it that one does not do' when the pains caused intense suffering, she let go of the anger and hatred and made up with her friend. Subsequently they both began to live as lovingly as before. This resulted in the pain easing off little by little and over a few months the pain disappeared completely

2. Swami Vivekananda has very clearly explained this power of the mind in one of his lectures in America.

While studying in a college, he took along with him some of his colleagues to visit a Brahmin in Southern India. They had heard that he performs many wondrous miracles and they asked him to demonstrate one such miracle. The Brahmin told them to mentally think of a fruit that they love and without showing others, write its name on a piece of paper and put the paper in their own pocket. He then told them to close their eyes and sit and he too sat down in meditation. After some time they were told to open their eyes and the students were surprised to see before them, heaps of different types of fruits.

The Brahmin told them to eat the fruit of their choice but the students were hesitant to eat these 'fruits of magic'. The Brahmin himself started eating a fruit and assured them that these were natural fresh fruits and could cause no harm. When the students tasted the fruits they realised that the fruits had a natural smell, taste and essence. They were even more surprised to see that the fruits together with leaves and branches, were not only fresh and out of season but also included those that were not local.

ਬ੍ਰਾਹਮਣ ਨੇ ਉਨ੍ਹਾਂ ਨੂੰ ਸਮਝਾਇਆ ਕਿ ਇਹ ਕੋਈ ਧਾਰਮਿਕ ਯਾ ਆਤਮਿਕ **ਕਰਾਮਾਤ ਨਹੀਂ ਹੈ**, ਬਲਕਿ ਨਿਰੋਲ **ਮਾਨਸਿਕ ਇਕਾਗਰਤਾ ਦਾ ਸਿੱਟਾ ਹੈ।** ਮਨ ਨੂੰ ਇਕਾਗਰ ਕਰਨ ਦੀ ਸਾਧਨਾਂ ਨਾਲ ਇਹੋ ਜਿਹੇ 'ਮਾਨਸਿਕ-ਸ਼ਕਤੀ' ਦੇ ਕ੍ਰਿਸ਼ਮੇ ਹੋ ਸਕਦੇ ਹਨ।

ਉਪਰਲੀ ਵਿਚਾਰ '**ਤ੍ਰੈ ਗੁਣਾਂ ਦੀ** ਮਾਇਕੀ **ਮੰਡਲ**' ਦੀ '**ਮਾਨਸਿਕ-ਸ਼ਕਤੀ**' ਤਾਈਂ ਸੀਮਿਤ **ਹੈ**।

ਇਸ ਤੋਂ ਉੱਤੇ '**ਆਤਮਿਕ ਮੰਡਲ**' ਦੀ '**ਇਲਾਹੀ ਸ਼ਕਤੀ**' ਦੀ '**ਖੇਲ**' **ਨਿਰਾਲੀ ਤੇ ਹੋਰਵੇਂ ਹੈ।**

ਅਕਾਲ ਪੁਰਖ **ਇਕ** ਹੈ, ਅਤੇ ਉਸ ਵਿਚੋਂ ਪ੍ਰਗਟ ਹੋਈ '**ਸ਼ਕਤੀ**' **ਭੀ ਇਕੋ** ਹੀ ਹੈ।

**ਅਕਾਲ ਪੁਰਖ ਦੀ ਮੌਜ** ਯਾ '**ਕਵਾਉ**' **ਦੁਆਰਾ** ਇਹ ਇਲਾਹੀ ਸ਼ਕਤੀ **ਕਾਇਨਾਤ ਦੇ ਜ਼ਰ੍ਰੇ-ਜ਼ਰ੍ਰੇ ਵਿਚ** :—

ਸਰਬ-ਰਹੀ-ਭਰਪੂਰ ਹੈ।
ਓਤ-ਪੋਤ ਲਪਟਾਈ ਹੈ।
ਸਰਬ ਵਿਆਪਕ ਹੈ।
ਸੈਭੰ ਹੈ।
ਸਵੈ ਪ੍ਰਕਾਸ਼ ਹੈ।
ਅਭੁੱਲ ਹੈ।
ਨਿਰਵਿਘਨ ਹੈ।
ਅਮੁੱਕ ਹੈ।
ਅਥਾਹ ਹੈ।
ਅਪਾਰ ਹੈ।
ਅਟੁੱਟ ਹੈ।
ਲਗਾਤਾਰ ਹੈ
ਇਕਸਾਰ ਹੈ।

**ਇਸ ਇਲਾਹੀ ਸ਼ਕਤੀ ਦੀ 'ਰਵਾਨਗੀ'** ਯਾ **ਪ੍ਰਗਟਾਵੇ ਨੂੰ ਹੀ** :—

ਹੁਕਮ
ਰਜ਼ਾ
ਭਾਣਾ
ਅਮਰ



The Brahmin explained to them that this was not caused by some religious or divine miracle but purely the result of mental one-pointedness (or focusing of the mind).

The above narration is limited to the mental power of the 'tri-attributive' (trigun) worldly realm.

Above this, the play of 'divine power' of the spiritual realm, is novel and different.

The Infinite Being is One and the power that emerges from within Him too is One.

Through the joyousness of the Infinite Being or the 'Word' within each and every particle of this creation, this divine power:-

is ever and ever brimful.
is interwoven - and intermingled entanglement
is omnipresent.
is self existent.
is self illuminating.
is unerring.
is free flowing.
is inexhaustible
is fathomless.
is boundless
is limitless.
is unceasing.
is unwavering.

This 'flow' or 'manifestation' of the divine power is referred to as

hukam (command)
volition
will
immortality.

ਕਿਹਾ ਗਿਆ ਹੈ ।

ਇਲਾਹੀ 'ਹੁਕਮ' ਵਿਚ ਹੀ ਸਾਰੀ ਕਾਇਨਾਤ :-

ਉਪਜਦੀ
ਵੱਧਦੀ
ਫੁੱਲਦੀ
ਫਲਦੀ
ਪਲਦੀ
ਲੈ-ਹੁੰਦੀ ਹੈ ।

ਇਹ **ਇਲਾਹੀ**-ਸ਼ਕਤੀ **ਦੀ 'ਰਵਾਨਗੀ'** ਯਾ **'ਹੁਕਮ'**

ਸਹਿਜ-ਸੁਭਾਇ
ਆਪ-ਮੁਹਾਰੇ
ਗੁਪਤੋਂ-ਗੁਪਤੀ
ਚੁਪ-ਚੁਪੀਤੇ

**ਵਰਤ ਰਿਹਾ ਹੈ,** ਜਿਸ ਤੋਂ **ਅਸੀ** :-

ਬੇਖ਼ਬਰ
ਅਨਜਾਣ
ਬੇਪ੍ਰਵਾਹ
ਅਗਿਆਨੀ
ਅਵੇਸਲੇ
ਬੇਮੁਖ, ਯਾ
ਮਚਲੇ

ਬਣੇ, ਹੋਏ ਹਾਂ ।

ਗੁਰਬਾਣੀ ਵਿਚ ਸਾਡੀ ਇਸ ਅਣਗਹਿਲੀ ਦਾ ਨਤੀਜਾ ਇਉਂ ਬਿਆਨ ਕੀਤਾ ਹੈ :-

ਸਾਧੋ ਇਹੁ ਜਗੁ ਭਰਮ-ਭੁਲਾਨਾ ॥
ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ ॥
(ਪੰਨਾ—684)

ਭਰਮੇ ਭੂਲਾ ਫਿਰੈ ਸੰਸਾਰੁ ॥
ਮਰਿ ਜਨਮੈ ਜਮੁ ਕਰੇ ਖੁਆਰੁ ॥ (ਪੰਨਾ—560)



By divine hukam or command does the entire creation

takes root
grows
flourishes
fruits
nurtures
dies.

The flow of this divine power or hukam (command) operates:-

spontaneously
automatically
secretly
silently

but we are:-

uninformed
unaware
heedless
ignorant
couldn't be bothered
knowingly turn away or
feign ignorance

(about this divine power).

The consequence of this neglect is expressed in Gurbani as follows:-

1 O Holy people, this world is deluded by doubt.
It has forsaken the meditative remembrance of the Lord's Name, and sold itself out to Maya. 684

2 Deluded by doubt, the world wanders around.
It dies, and is born again, and is ruined by the Messenger of Death. 560

ਭਰਮੇ ਆਵੈ ਭਰਮਿ ਜਾਇ ॥
ਇਹੁ ਜਗੁ ਜਨਮਿਆ ਦੂਜੈ ਭਾਇ ॥
ਮਨਮੁਖਿ ਨ ਚੇਤੈ ਆਵੈ ਜਾਇ ॥ (ਪੰਨਾ—161)

ਇਹ **'ਗੁਪਤੀ' ਅਣਡਿੱਠੀ ਇਲਾਹੀ-ਸ਼ਕਤੀ**, ਦਿਨ-ਰਾਤ, ਪਲ-ਪਲ, ਸਦੀਵੀ ਇਲਾਹੀ **'ਹੁਕਮ' ਵਿਚ ਵਰਤਦੀ ਹੋਈ**, ਅਨੇਕ, ਅਲੌਕਿਕ, ਅਸਚਰਜ **'ਕੌਤਕ' ਵਰਤਾ ਰਹੀ ਹੈ**, ਜਿਸ ਤਰ੍ਹਾਂ:-

ਬੱਚੇ ਦਾ ਮਾਂ ਦੇ ਪੇਟ ਵਿਚ ਪਲਣਾ,
ਬੂਟਿਆਂ ਦਾ ਉੱਗਣਾ ਅਤੇ ਵਧਣਾ-ਫੁਲਣਾ,
ਫੁੱਲਾਂ ਦੀ ਖ਼ੂਬਸੂਰਤੀ, ਰੰਗਤ ਅਤੇ ਮਹਿਕ ਵਿਚ,
ਫਲਾਂ ਦੇ ਭਿੰਨ ਭਿੰਨ ਰਸਾਂ ਅਤੇ ਸੁਆਦਾਂ ਵਿਚ,
ਪਾਣੀ ਦੇ ਵਹਾਓ ਵਿਚ,
ਹਵਾ ਦੇ ਵੇਗ ਵਿਚ,
ਪਹਾੜਾਂ ਦੀ ਉਚਿਆਈ ਵਿਚ,
ਸਮੁੰਦਰਾਂ ਦੀ ਗਹਿਰਾਈ ਵਿਚ,
ਅਸਮਾਨਾਂ ਦੇ ਫ਼ੈਲਾਓ ਵਿਚ,

**ਅਨੇਕਾਂ ਇਲਾਹੀ ਕ੍ਰਿਸ਼ਮੇ** ਨਿਤਾ-ਪ੍ਰਤੀ, ਹਮੇਸ਼ਾ **ਪ੍ਰਕਾਸ਼ਿਤ ਹੋ ਰਹੇ ਹਨ ।**

ਪਰ ਇਨ੍ਹਾਂ **ਇਲਾਹੀ ਸ਼ਕਤੀ** ਦੀ **'ਸਹਿਜ ਚਾਲ'** ਦੇ **'ਕ੍ਰਿਸ਼ਮਿਆਂ' ਅਤੇ 'ਕੌਤਕਾਂ' ਵੱਲ** ਸਾਡੀ ਮੋਟੀ-ਠੁਲ੍ਹੀ ਬੁੱਧੀ ਦਾ **ਧਿਆਨ ਹੀ ਨਹੀਂ ਜਾਂਦਾ**, ਅਤੇ ਨਾ ਹੀ ਧਿਆਨ ਕਰਨ ਦੀ **ਲੋੜ ਭਾਸਦੀ ਹੈ ।**

ਜਦ ਇਸੇ ਇਲਾਹੀ-ਸ਼ਕਤੀ ਦੀ **'ਸਹਿਜ ਚਾਲ' ਵਿਚ** ਅਸੀਂ ਆਪਣੇ ਹਉਮੈ ਵੇੜ੍ਹੇ ਮਨ ਦੀ **'ਮਰਜ਼ੀ' ਰਲਾ ਦਿੰਦੇ ਹਾਂ**, ਤਾਂ 'ਹੁਕਮ' ਵਿਚ **ਵਿਘਨ ਪੈ ਜਾਂਦਾ ਹੈ ।**

ਸਾਡੇ ਕਰਮਾਂ ਦੇ ਪਿਛੇ—**ਸ਼ਕਤੀ ਤਾਂ ਇਲਾਹੀ 'ਰਵਾਨਗੀ' ਦੀ ਹੁੰਦੀ ਹੈ**, ਪਰ ਅਸੀਂ ਅਗਿਆਨਤਾ ਵਿਚ ਇਸ ਸ਼ਕਤੀ ਨੂੰ **'ਮੈਂ-ਮੇਰੀ' ਦੀ ਰੰਗਤ 'ਚਾੜ੍ਹ' ਦਿੰਦੇ ਹਾਂ ।** ਜਿਸ ਕਾਰਨ ਅਸੀਂ 'ਕਰਮ-ਬੱਧ' ਹੋ ਕੇ 'ਜੋ ਮੈ ਕੀਆ ਸੋ ਮੈ ਪਾਇਆ' ਅਨੁਸਾਰ ਨਤੀਜਾ ਭੁਗਤਦੇ ਹਾਂ ।

ਜਦ **ਹਉਮੈਂ ਦੀ 'ਰੰਗਤ' ਵਿਚ** ਕੋਈ ਅਲੌਕਿਕ **ਅਚੰਭਾ ਹੋ ਭੀ ਜਾਵੇ** ਤਾਂ ਉਸ ਨੂੰ ਅਸੀਂ **ਆਪਣੀ ਹੀ 'ਪ੍ਰਾਪਤੀ'** ਸਮਝ ਕੇ **ਫੁੱਲੇ ਨਹੀਂ ਸਮਾਉਂਦੇ**—ਹਾਲਾਂ ਕਿ ਸਾਡੀਆਂ **ਸਾਰੀਆਂ ਪ੍ਰਾਪਤੀਆਂ ਦੇ ਪਿਛੋਕੜ ਵਿਚ ਇਲਾਹੀ-ਸ਼ਕਤੀ ਹੀ ਕੰਮ ਕਰਦੀ ਹੁੰਦੀ ਹੈ ।**



In doubt he comes, and in doubt he goes.
This world is born out of the love of duality.
The self-willed manmukh does not remember the Lord; he continues coming and going in reincarnation. 161

The secret invisible divine power operating day and night, moment to moment, eternally under the Divine Command or Hukam expresses itself through numerous extraordinary, astonishing 'miracles' such as:-

in the nurturing of the child in the mother's womb,
in the growth of trees and in their flourishing,
in the beauty of the flowers, colour and scent,
in the variety of tastes and (their) relish,
in the flow of the water,
in the breeze of the wind,
in the peak of mountains,
in the depth of oceans,
in the vastness of the sky,

numerous divine miracles, repeatedly, always manifest themselves.

But the miracles and events of the spontaneous happenings of this divine power do not catch the attention of our gross intellect and neither does the need to pay this attention is felt.

When we interrupt the 'spontaneous flow' of this divine power with our ego ridden mind's willfulness, an obstruction occurs in the command or hukam.

Behind our deeds the power is indeed the divine 'flow' and due to ignorance, we infect this power with our 'me-mineness'. Because of this we become 'deed bound' and face the consequence (in the words of the Guru) 'Whatsoever I do, I obtain (its fruits).

Under the influence of ego, when an extraordinary awesome event takes place, we can hardly contain ourselves in claiming, that as our accomplishment – when in fact behind all our accomplishments some divine power is indeed at work.

ਇਸ ਵਿਸ਼ੇ ਦੀ ਬਾਬਤ ਗੁਰਬਾਣੀ ਸਾਨੂੰ ਇਸ ਤਰ੍ਹਾਂ ਤਾੜਨਾ ਕਰਦੀ ਹੈ :—

ਸਾਕਤ ਮੂੜ ਮਾਇਆ ਕੇ ਬਧਿਕ ਵਿਚ ਮਾਇਆ ਫਿਰਹਿ ਫਿਰੰਦੇ ॥
ਤ੍ਰਿਸਨਾ ਜਲਤ ਕਿਰਤ ਕੇ ਬਾਧੇ, ਜਿਓਂ ਤੇਲੀ ਬਲਦ ਭਵੰਦੇ ॥
(ਪੰਨਾ—800)

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥
ਨਾਨਕ ਜਿਉ ਮਥਨ ਮਾਧਾਣੀਆ ਤਿਓ ਮਥੇ ਧਰਮ ਰਾਇ ॥
(ਪੰਨਾ—1425)

ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥ (ਪੰਨਾ—37)

ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਇ ॥ (ਪੰਨਾ—602)

ਸਭੁ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ ॥ (ਪੰਨਾ—654)

ਮੇਰੀ ਮੇਰੀ ਧਾਰਿ ਬੰਧਨਿ ਬੰਧਿਆ ॥
ਨਰਕ ਸੁਰਗ ਅਵਤਾਰ ਮਾਇਆ ਧੰਧਿਆ ॥ (ਪੰਨਾ--761)

ਅਨਿਕ ਕਰਮ ਕੀਏ ਬਹੁਤੇਰੇ ॥ ਜੋ ਕੀਜੈ ਸੋ ਬੰਧਨੁ ਪੈਰੇ ॥
(ਪੰਨਾ—1075)

ਏਹੁ ਮਨੁ ਧੰਧੈ ਬਾਂਧਾ ਕਰਮ ਕਮਾਇ ॥
ਮਾਇਆ ਮੂਠਾ ਸਦਾ ਬਿਲਲਾਇ ॥ (ਪੰਨਾ—1176)

ਅਸੀਂ ਅਕਾਲ-ਪੁਰਖ ਦੀ **'ਅੰਸ਼'** ਹਾਂ, ਇਸ **ਇਲਾਹੀ ਨਾਤੇ ਵਜੋਂ** ਅਸੀਂ ਅਕਾਲ ਪੁਰਖ ਦੀ **ਸਮੁੱਚੀ ਸ਼ਕਤੀ ਦੇ 'ਵਾਰਸ' ਹਾਂ।**

ਪਾਣੀ ਦੇ 'ਨਲਕੇ' ਵਿਚ ਜੇ ਕੋਈ ਚੀਜ਼ ਅੜ ਜਾਵੇ ਤਾਂ ਪਾਣੀ ਦਾ **'ਵੇਗ'** (Flow) **ਘਟ ਜਾਂਦਾ ਹੈ।** ਸਾਡੇ ਅੰਤ੍ਰ-ਆਤਮੇ ਜਦ **ਹਉਮੈ ਦਾ 'ਰੋੜਾ' ਅੜ ਜਾਵੇ** ਤਾਂ ਸਾਡੀ **ਵਿਰਸੇ ਦੀ ਇਲਾਹੀ ਸ਼ਕਤੀ ਦੀ ਰਵਾਨਗੀ ਵਿਚ ਵਿਘਨ ਪੈ ਜਾਂਦਾ ਹੈ**, ਤੇ **ਇਸ ਦਾ 'ਵੇਗ' 'ਸੀਮਤ' ਹੋ ਜਾਂਦਾ ਹੈ।** ਦੂਜੇ ਲਫ਼ਜ਼ਾਂ ਵਿਚ, ਜਿਉਂ-ਜਿਉਂ ਸਾਡੀ 'ਹਉਮੈਂ' **ਤੀਬਰ** (Intense ego) **ਹੁੰਦੀ ਜਾਂਦੀ ਹੈ**, ਤਿਉਂ-ਤਿਉਂ **ਇਲਾਹੀ ਸ਼ਕਤੀ ਦਾ 'ਵੇਗ' ਘਟਦਾ ਜਾਂਦਾ ਹੈ।** ਨਵਾਂ 'ਸਪੰਜ' (New sponge) ਜ਼ਿਆਦਾ ਤੋਂ **ਜ਼ਿਆਦਾ ਪਾਣੀ ਆਪਣੇ ਵਿਚ ਸਮਾ ਲੈਂਦਾ ਹੈ**—ਪਰ ਜਿਉਂ-ਜਿਉਂ ਉਸ ਦੇ **ਬਰੀਕ ਮੋਰੂ ਮੈਲ ਨਾਲ ਭਰਦੇ ਜਾਂਦੇ** ਹਨ—ਤਿਉਂ-ਤਿਉਂ **ਉਹ ਥੋੜਾ ਪਾਣੀ ਜਜ਼ਬ ਕਰਦਾ ਹੈ।** ਕਿਉਂਕਿ ਉਸਦੀ **ਜਜ਼ਬ-ਸ਼ਕਤੀ ਘਟ ਜਾਂਦੀ ਹੈ।**

ਸਾਡੇ ਮਨ ਵਿਚ **ਅਤਿਅੰਤ ਗ੍ਰਹਿਣ-ਸ਼ਕਤੀ ਹੈ**—ਪਰ ਜਦ ਸਾਡੇ **ਮਨ ਦੇ**



Gurbani admonishes us as follows on this subject:-

1 The foolish faithless cynics are held captive by Maya; in Maya, they continue wandering, wandering around.
Burnt by desire, and bound by the karma of their past actions, they go round and round, like the ox at the mill press. 800

2 The sinners act, and generate bad karma, and then they weep and wail.
O Nanak, just as the churning stick churns the butter, so does the Righteous Judge of Dharma churn them. 1425

3 O my mind, walk in harmony with the True Guru. 37

4 One who walks according to his own will, O Siblings of Destiny, suffers separation from the Lord, and shall be punished. 602

5 The Word of Your Shabad alone is pervading everywhere; whatever You do, comes to pass. 654

6 Crying out, "Mine! Mine!", he is bound in bondage.
Entangled in Maya, he is reincarnated in heaven and hell. 761

7 You can do anything, but whatever you do, only serves to tie your feet. 1075

8 This mind is entangled in worldly affairs, creating more and more karma.
Enchanted by Maya, it cries out in suffering forever. 1176

We are the Infinite Beings off springs. In view of this divine relationship, we are the heirs of the entire power of the Infinite Being.

When a thing gets stuck in a water pipe, the 'flow' of water becomes less. With our inner being, when a 'pebble' of egotism gets stuck, the flow of divine power that is ours through heritage, experiences a disruption and its 'flow' becomes 'limited'. In other words as our egotism becomes more and more intense, in the same way the flow of divine current gets (progressively) less. A new sponge absorbs a large amount of water into itself – but as its fine pores get clogged with dirt, its capacity to absorb water becomes less and less. This is the result of its reduced ability to absorb.

Our mind has a huge potential to absorb- but when the mind's

'ਸਪੰਜ' ਵਿਚ ਮੈਲ ਭਰ ਜਾਂਦੀ ਹੈ ਤਾਂ ਇਲਾਹੀ ਸ਼ਕਤੀ ਘਟ ਗ੍ਰਹਿਣ ਹੁੰਦੀ ਹੈ ਅਤੇ ਸਾਡੀ ਹਉਮੈ ਵੱਧਦੀ ਜਾਂਦੀ ਹੈ।

ਮਨਿ ਮੈਲੇ ਭਗਤਿ ਨ ਹੋਵਈ, ਨਾਮੁ ਨ ਪਾਇਆ ਜਾਇ ॥ (ਪੰਨਾ—39)

ਇਸ ਦਾ ਮਤਲਬ ਇਹ ਹੈ ਕਿ ਹਉਮੈ-ਵੇੜੇ ਮਨ ਦੀ ਮੈਲ ਲਾਹੇ ਬਗ਼ੈਰ ਅਸੀਂ ਆਪਣੀ ਇਲਾਹੀ ਵਿਰਾਸਤ ਦੀ ਪੂਰੀ ਸ਼ਕਤੀ ਪ੍ਰਾਪਤ ਨਹੀਂ ਕਰ ਸਕਦੇ। ਮਾਇਕੀ ਮੰਡਲ ਵਿਚ, ਸਾਰਿਆਂ ਜੀਵਾਂ ਦੀ 'ਜੀਵਨ-ਰੌਂ'—ਯਾ 'ਜੀਵਨ-ਸ਼ਕਤੀ' ਦਾ 'ਸੋਮਾ' ਸੂਰਜ ਹੈ। ਪਰ ਸੂਰਜ ਨੂੰ ਭੀ 'ਜੀਵਨ ਸ਼ਕਤੀ, ਇਲਾਹੀ 'ਸ਼ਕਤੀ' ਤੋਂ ਮਿਲਦੀ ਹੈ :

ਇਸ ਤਰ੍ਹਾਂ ਅਨੇਕਾਂ :-

ਬ੍ਰਹਮੰਡਾਂ
ਸੂਰਜਾਂ
ਚੰਦਰਮਾਂ
ਗਣਤਾਰਿਆਂ
ਚੌਰਾਸੀ ਲੱਖ ਜੂਨਾਂ
ਸਾਰਿਆਂ ਜੀਵਾਂ
ਜ਼ਰੇ ਜ਼ਰੇ

ਨੂੰ 'ਜੀਵਨ', ਇਕੋ 'ਇਲਾਹੀ ਸ਼ਕਤੀ' ਦੇ 'ਸੋਮੇ' ਤੋਂ ਮਿਲ ਰਿਹਾ ਹੈ, ਜਿਸ ਨੂੰ ਬਾਣੀ ਵਿਚ :-

'ਨਾਮ'
'ਸ਼ਬਦ'
'ਅਕਲ ਕਲਾ'
'ਅੰਮ੍ਰਿਤ'

ਆਦਿ, ਕਿਹਾ ਗਿਆ ਹੈ।

ਇਹ 'ਇਲਾਹੀ ਸ਼ਕਤੀ' ਅਵਤਾਰਾਂ, ਗੁਰੂਆਂ, ਬਖ਼ਸ਼ੇ ਹੋਏ ਮਹਾਂ ਪੁਰਖ਼, ਸੰਤਾਂ, ਭਗਤਾਂ, ਦੇ ਅੰਤ੍ਰ-ਆਤਮੇ, 'ਲੱਕੜੀ' ਦੀ 'ਅੱਗ' ਵਾਂਗ, ਗੁਪਤੀ, ਓਤ-ਪੋਤ, 'ਰਵਿ-ਰਹੀ-ਭਰਪੂਰ' ਹੁੰਦੀ ਹੈ, ਕਿਉਂਕਿ ਇਹ ਇਲਾਹੀ 'ਹਰਿ-ਜਨ', ਇਲਾਹੀ ਸ਼ਕਤੀ ਦੀ 'ਰਵਾਨਗੀ' ਨਾਲ 'ਸੁਰ' ਹੋ ਕੇ, ਮਿਲੇ ਹੁੰਦੇ ਹਨ।

ਪਰ ਇਹ ਮਹਾਂ ਪੁਰਖ਼, ਗੁਰੂ ਅਵਤਾਰ, ਆਪਣੇ 'ਮਨ-ਮਰਜ਼ੀ' ਨਾਲ, ਆਪਣੀ ਗਰਜ ਲਈ, ਇਸ ਇਲਾਹੀ ਸ਼ਕਤੀ ਨੂੰ ਨਹੀਂ ਵਰਤਦੇ, ਕਿਉਂਕਿ ਉਹ ਇਲਾਹੀ



sponge gets filled with dirt, it absorbs less divine power and our egotism keeps on increasing.

> With a polluted mind, devotional service cannot be performed, and the Naam, the Name of the Lord, cannot be obtained. 39

This means that without getting rid of this ego ridden dirt of the mind, we cannot acquire the full power of our spiritual heritage. In the worldly realm, the fountain of current or 'life force' for all living forms is the sun. But the sun too gets its 'life force' from the divine 'power'.

In this way the 'aliveness' of numerous

universes
suns
moons
galaxies
8.4 million life forms
all life forms
every particle

comes from the fountain of 'divine power' which is called:-

'Naam'
'Shabadh'
'Power beyond Power'
'Ambrosial nectar'

etc in Bani.

This 'divine power' is found in the innate self, like the 'fire' in a piece of wood', invisible, interwoven-intertwined, ever and ever present in prophets, gurus, blessed gurmukhs, sants and devotees because these divine 'slaves of God, being in tune with the 'flow' of divine force are united with the Creator.

But these evolved souls, gurus-prophets do not willfully use this divine power for their own ends because they

ਸ਼ਕਤੀ ਦੀ 'ਰਵਾਨਗੀ', ਜਾ 'ਹੁਕਮ' ਵਿਚ 'ਦਖ਼ਲ' ਨਹੀਂ ਦਿੰਦੇ ।

ਉਹ ਆਪਣੇ 'ਪ੍ਰੀਤਮ' ਦੀ ਖੁਸ਼ੀ ਵਿਚ ਹੀ 'ਇਲਾਹੀ' ਸ਼ਕਤੀ ਦੀ 'ਦਾਤ' ਨੂੰ ਵਰਤਦੇ ਹਨ, ਅਤੇ 'ਹੁਕਮਿ ਰਜਾਈ ਚਲਣ' ਦਾ ਉਪਦੇਸ਼ ਕਮਾਉਂਦੇ ਹਨ ।

ਬੱਲਬ ਦੀ ਰੋਸ਼ਨੀ ਵਾਂਗ, ਲੁਕੀ ਹੋਈ 'ਇਲਾਹੀ ਸ਼ਕਤੀ', ਬਖ਼ਸ਼ੇ ਹੋਏ 'ਹਰਿ-ਜਨਾਂ' ਦੀ :-

ਨਦਰਿ-ਕਰਮ ਦੁਆਰਾ
ਕ੍ਰਿਪਾ ਕਟਾਖ਼ ਦੁਆਰਾ
ਪ੍ਰਿਮ-ਤੀਰ ਦੁਆਰਾ
ਪ੍ਰੇਮ 'ਛੋਹ' ਦੁਆਰਾ
ਪ੍ਰਿਮ ਪਿਆਲੇ ਦੁਆਰਾ
ਪ੍ਰੇਮ ਤੱਕਣੀ ਦੁਆਰਾ
ਪ੍ਰੇਮ ਭਾਵਨਾ ਦੁਆਰਾ
ਇਲਾਹੀ 'ਬਿਰਦ' ਦੁਆਰਾ
ਦਇਆ-ਮਇਆ ਦੁਆਰਾ
ਬਖ਼ਸ਼ਿਸ਼ ਦੁਆਰਾ
ਗੁਰ ਪ੍ਰਸਾਦਿ ਦੁਆਰਾ

ਪਰਗਟਿ ਪਾਹਾਰੈ ਜਾਪਦਾ ॥ ਸਭੁ ਨਾਵੈ ਨੋ ਪਰਤਾਪਦਾ ॥ (ਪੰਨਾ—71)

ਅਨੁਸਾਰ 'ਪ੍ਰਕਾਸ਼ਮਾਨ' ਹੋ ਕੇ :-

ਇਕ ਖਿਨ-ਪਲ ਵਿਚ
ਅੱਖ-ਝਮਕਣੀ ਨਾਲ
ਅੱਖ-ਤੱਕਣੀ ਨਾਲ
ਨਿਗਾਹ ਦੇ ਕਟਾਖ਼ੁ ਨਾਲ
ਬੁਲ੍ਹਾਂ ਦੀ ਮੁਸਕਰਾਹਟ ਨਾਲ
ਮੱਥੇ ਦੇ ਜਲਾਲ ਨਾਲ
ਬਾਹਾਂ ਦੇ ਉਲ੍ਹਾਰ ਦੁਆਰਾ
ਹੱਥਾਂ ਦੀ 'ਛੋਹ' ਨਾਲ
ਪ੍ਰੇਮ ਦੇ ਉਛਾਲ ਨਾਲ
ਪ੍ਰੇਮ ਸਵੈਪਨਾ ਨਾਲ

ਲੱਖਾਂ ਰੂਹਾਂ ਨੂੰ, ਮਾਇਆ ਮੰਡਲ ਵਿਚੋਂ ਚੁੱਕ ਕੇ, ਇਲਾਹੀ 'ਪ੍ਰੇਮ ਸਵੈਪਨਾ' ਦੇ



do not 'interfere' with the 'flow' or 'order' of the divine power.

They use the gifts of 'divine power' at the pleasure of their Beloved (Infinite Being) and cultivate the lesson of 'abiding by the Will' (the Infinite Being).

Like the illumination from the bulb, the hidden 'divine power':-

through the glance of grace
through the gaze filled with mercy
through the arrow of love
through the touch of love
through the cup of love
through the longing gaze of love
through the faith filled love
through the divine disposition
through kindness and compassion
through blessings
through the grace of the Guru

according to

*You are manifest in the Expanse of Your Workshop.*
*Everyone longs for Your Name,* 71

by becoming manifest:-
in a split second
in the flicker of an eye
in the piercing look of the eye
in the glance of a look filled with love
in the smile on the lips
in the glow of the forehead
in the embrace of the arms
in the touch of the hands
in the overflowing of love
in the love of the innate self

has the ability to transport thousands of souls from the worldly realm

'**ਦਸ਼**', 'ਬੇਗਮ ਪੁਰਾਂ', 'ਅਬਚਲ ਨਗਰ', 'ਸਚ ਖੰਡ' ਵਿਚ **ਪਹੁੰਚਾਉਣ ਦੀ** ਸਮਰਥਾ ਰੱਖਦੀ ਹੈ ।

ਜਿਨ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥ (ਪੰਨਾ—462)
ਕ੍ਰਿਪਾ ਕਟਾਖ਼ ਅਵਿਲੋਕਨੁ ਕੀਨੋ ਦਾਸ ਕਾ ਦੂਖ ਬਿਦਾਰਿਓ ॥
(ਪੰਨਾ—681)

ਦਰਸ਼ਨ ਦੇਖਤ ਹੀ ਸੁਧ ਕੀ ਨ ਸੁਧ ਰਹੀ, ਬੁਧਿ ਕੀ ਨ ਬੁਧਿ ਹੀ ਰਹੀ ਮਤਿ ਮੈ ਨ ਮਤਿ ਹੈ ॥ (ਭਾ: ਗੁ: ਕਬਿਤ ਸਵਯੇ ਪੰਨਾ—25)

ਭਾਈ ਨੰਦ ਲਾਲ ਜੀ ਦੀ ਰੂਹ ਉਤੇ ਜਦੋਂ ਦਸਵੇਂ ਪਾਤਿਸ਼ਾਹ ਦੀ ਪ੍ਰੇਮ ਤੱਕਣੀ ਦਾ ਜਾਦੂ ਅਸਰ ਹੋਇਆ-ਉਸ ਦਾ ਉਨ੍ਹਾਂ ਨੇ ਆਪਣੀ ਗਜ਼ਲਾਂ ਵਿਚ ਇਉਂ ਬਿਆਨ ਕੀਤਾ ਹੈ ।

1. ਮਾਰਾ ਬ-ਯੱਕ ਇਸ਼ਰਾਏ ਅਬਰੂ ਸ਼ਹੀਦ ਕਰਦ ॥
ਅਕਨੂ ਇਲਾਜ ਨੇਸਤ ਕਿ ਤੀਰ ਅਜ਼ ਕਮਾਂ ਗੁਜ਼ਸ਼ਤ ॥ (ਗਜ਼ਲ ਨੰ: 8)

**ਭਾਵ ਅਰਥ**

ਉਸਨੇ ਸਾਨੂੰ ਆਪਣੀਆਂ ਭਵਾਂ ਦੇ ਇਕੋ ਇਸ਼ਾਰੇ ਨਾਲ ਸ਼ਹੀਦ ਕਰ ਦਿੱਤਾ, ਪਰ ਹੁਣ ਕੋਈ ਇਲਾਜ ਨਹੀਂ ਜਦ ਕਿ ਤੀਰ ਕਮਾਨ ਤੋਂ ਨਿਕਲ ਗਿਆ ।

2. ਯੱਕ ਨਿਗਾਹੇ ਲੁਤਫਿ ਤੋ ਦਿਲ ਮੇ-ਬੁਰਦ ॥
ਬਾਜ਼ੁ ਮੇ ਦਾਰਮ ਅਜ਼ਾਂ ਈ ਇਹਤਿਆਜ ॥ (ਗਜ਼ਲ ਨੰ: 16)

**ਭਾਵ ਅਰਥ**

ਤੇਰੀ ਕ੍ਰਿਪਾ ਦੀ ਇਕ ਨਜ਼ਰ, ਦਿਲ ਲੈ ਜਾਂਦੀ ਹੈ, ਫਿਰ ਮੈ ਉਸਦੀ ਲੋੜ ਰੱਖਦਾ ਹਾਂ ।

3. ਗੁਰਮੁਖਿ ਕੋਟਿ ਉਧਾਰਦਾ ਭਾਈ, ਦੇ ਨਾਵੈ ਇਕ ਕਣੀ ॥ (ਪੰਨਾ—608)



to the land of the divine 'love of the innate self', the place of no grief, the immortal country, the realm of truth.

1 He made angels out of men, without delay. 468

2 Gazing upon me with his Eye of Mercy, He has dispelled the pains of His slave. 681

3 Upon receiving the darshan (spiritual insight) awareness disappeared, discerning power was no more, the intellect was no more in the intellect.
Bh Gurdas

When the magic of love filled glance of the 10th emperor (Guru Gobind Singh Ji) took effect on the soul of Bhai Nand Lal, (the feelings that resulted are) related by him in his gazals as follows:-

Meaning only

1 One slight movement of His eyebrow was enough to sacrifice me. Now there is no cure (going back) as the arrow has left the bow.

2 The blessing of your one glance captures the heart. Then I cannot do without it.

4 The Gurmukh saves millions of people, O Siblings of Destiny, blessing them with even a particle of the Name. 608